# ਵਿਵਾਦਿਤ ਫਿਲਮ 'ਜੋ ਬੋਲੇ ਸੋ ਨਿਹਾਲ' ਨਾਲ ਜੁੜੇ ਸਰੋਕਾਰ

-ਬਲਰਾਜ ਸਿੰਘ ਸਿੱਧੂ

੧੩ ਮਈ ੨੦੦੫ ਨੂੰ ਵਿਸ਼ਵ ਭਰ ਵਿਚ ਬੜੇ ਵੱਡੇ ਪੱਧਰ ਉੱਤੇ ਅਮਰੀਕਾ ਨਿਵਾਸੀ ਨਿਰਮਾਤਾ ਐਨ ਆਰ ਪਾਚੀਸੀਆ ਅਤੇ ਉਸ ਦੇ ਪੁੱਤਰ ਬਬਲੂ ਪਾਚੀਸੀਆ ਨੇ ਆਪਣੀ ਹਿੰਦੀ ਫਿਲਮ 'ਜੋ ਬੋਲੇ ਸੋ ਨਿਹਾਲ' ਜਾਰੀ ਕੀਤੀ। ਬੜ੍ਹੇ ਲੰਮੇ ਸਮੇਂ ਤੋਂ ਦਰਸ਼ਕਾਂ ਨੂੰ ਇਸ ਫਿਲਮ ਦੀ ਉਡੀਕ ਸੀ। ਵਰਣਨਯੋਗ ਹੈ ਕਿ ਇਸ ਫਿਲਮ ਦੀ ਘੋਸ਼ਣਾ ਅਤੇ ਸ਼ੂਟਿੰਗ ਸ਼ੁਰੂ ਹੁੰਦਿਆਂ ਹੀ ਫਿਲਮ ਉਦਯੋਗ ਦੇ ਜ਼ੋਤਸ਼ੀਆਂ ਨੇ ਇਸ ਫਿ਼ਲਮ ਦੇ ਬਾਕਸ ਆਫਿਸ 'ਤੇ ਹਿੱਟ ਹੋਣ ਦੀ ਭਵਿੱਖਬਾਣੀ ਕਰ ਦਿੱਤੀ ਸੀ। ਦਰਅਸਲ ਉਸ ਪੇਸ਼ਨਗੋਈ ਪਿਛੇ ਇਹ ਰਾਜ਼ ਛੁਪਿਆ ਹੋਇਆ ਹੈ ਕਿ ਜਿਸ ਫਿਲਮ ਵਿਚ ਸੰਨੀ ਦਿਉਲ ਪੱਗ ਬੰਨ੍ਹੇ (ਫਿਲਮ 'ਬਾਰਡਰ' ਅਤੇ 'ਗਦਰ' ਇਸ ਦੀਆਂ ਮਿਸਾਲਾਂ ਹਨ) ਜਾਂ ਉਸ ਦੇ ਵਿਰੁਧ ਕੋਈ ਖਾਨ ਵਿਲਨ ਹੋਵੇ (ਫਿਲਮ 'ਡਰ' ਇਸ ਦੀ ਵਧੀਆ ਮਿਸਾਲ ਹੈ) ਤਾਂ ਯਕੀਨਨ ਉਹ ਫਿਲਮ ਹਿੱਟ ਹੋਵੇਗੀ। ਇਸ ਤੋਂ ਇਲਾਵਾ ਇਸ ਫਿਲਮ ਵਿਚ ਸਵ: ਜਗਜੀਤ ਸਿੰਘ ਚੂਹੜਚੱਕ ਵਾਲੇ ਦਾ ਖੋਜਿਆ ਫਾਰਮੂਲਾ ਅਰਥਾਤ ਜੱਟਵਾਦ ਨੂੰ ਭਾਰੂ ਰੱਖਣਾ ਵੀ ਸ਼ਾਮਿਲ ਸੀ। ਫਿਲਮਾਂ ਵਿਚ ਅਨੇਕਾਂ ਸਥਾਨਾਂ 'ਤੇ ਸੰਨੀ ਦਿਉਲ ਵੱਲੋਂ 'ਨੋ ਇੱਫ, ਨੋ ਬੱਟ, ਸਿਰਫ ਜੱਟ' ਸੰਵਾਦ ਬੋਲਣਾ ਇਸ ਤੱਥ ਦੀ ਪੈਰ ਗੱਡ ਕੇ ਪ੍ਰੋੜਤਾ ਕਰਦਾ ਹੈ। ਇਸ ਵਿਚ ਕੋਈ ਸ਼ੱਕ ਦੀ ਗੁੰਜ਼ਾਇਸ਼ ਨਹੀਂ ਕਿ 'ਜੋ ਬੋਲੇ ਸੋ ਨਿਹਾਲ' ਵਿਚ ਹਿੱਟ ਹੋਣ ਦੀ ਪੂਰਣ ਸੰਭਾਵਨਾ ਸੀ ਅਤੇ ਹੁਣ ਵੀ ਹੈ। ਲੇਕਿਨ ਸਿੱਖ ਜਥੇਬੰਦੀਆਂ ਵੱਲੋਂ ਉੱਠੇ ਵਿਰੋਧ ਨੇ ਇਸ ਫਿਲਮ ਦੇ ਭਵਿੱਖ ਨੂੰ ਧੁੰਦਕਾਰੇ ਅਤੇ ਹਨੇਰੇ ਖੂਹ ਵਿਚ ਸਿੱਟ ਦਿੱਤਾ ਹੈ। ਕੁਝ ਕੁ (ਸਾਰੀਆਂ ਨਹੀਂ) ਸਿੱਖ ਜਥੇਬੰਦੀਆਂ ਵੱਲੋਂ ਇਸ ਫਿਲਮ ਦਾ ਵਿਰੋਧ ਕਰਦਿਆਂ ਜੋ ਇਤਰਾਜ਼ ਉਠਾਏ ਗਏ ਹਨ, ਹਥਲੇ ਲੇਖ ਵਿਚ ਉਹਨਾਂ ਬਾਰੇ ਦਲੀਲਪੂਰਵਕ ਵਿਚਾਰ  ਅਤੇ ਨਿਰਣਾ ਕਰਾਂਗੇ ਕਿ ਉਹ ਕਿੰਨੇ ਕੁ ਜਾਇਜ਼ ਹਨ ਅਤੇ ਕਿੰਨੇ ਕੁ ਗਲਤ!!! ਉਨ੍ਹਾਂ ਵਿਵਾਦਾਂ ਦੇ ਉੱਠਣ ਦੇ ਕਿਹੜੇ ਕਿਹੜੇ ਕਾਰਨ ਸਨ ਅਤੇ ਉਨ੍ਹਾਂ ਦਾ ਲੋਕਾਂ 'ਤੇ ਕੀ ਪ੍ਰਭਾਵ ਪਿਆ? ਸਭ ਤੋਂ ਪਹਿਲਾਂ ਜੋ ਹੁਣ ਤੱਕ ਵਾਪਰਿਆ ਉਸ ’ਤੇ ਇਕ ਨਜ਼ਰ ਮਾਰੀਏ:-

ਪਹਿਲਾਂ ਇਹ ਫਿਲਮ ਅਪ੍ਰੈਲ ਵਿਚ ਜਾਰੀ ਹੋਣੀ ਸੀ ਪਰ ਵਿਵਾਦਾਂ ਕਾਰਨ ਲੇਟ ਹੁੰਦੀ ਹੁੰਦੀ ਇਸ ਫਿਲਮ ੧੩ ਮਈ ਨੂੰ ਜਾਰੀ ਕਰਨ ਦਾ ਐਲਾਨ ਕੀਤਾ ਗਿਆ। ਲੇਕਿਨ ੧੩ ਮਈ ਤੋਂ ਪਹਿਲਾਂ ਪ੍ਰਚਾਰ ਲਈ ਜੋ ਪੋਸਟਰ ਭਾਰਤ ਭਰ ਵਿਚ ਲਗਾਏ ਗਏ ਅਤੇ ਵੱਖ ਵੱਖ ਚੈਨਲਾਂ 'ਤੇ ਫਿਲਮ ਦੇ ਜੋ ਟਰੇਲਰ ਦਿਖਾਏ ਗਏ, ਉਹ ਵਿਵਾਦ ਦਾ ਮੁੱਢ ਬਣ ਗਏ। ਜਿਸ ਦੇ ਫਲਸਰੂਪ ੯ ਮਈ ਨੂੰ ਮੁਹਾਲੀ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਹਰਦੀਪ ਸਿੰਘ ਵੱਲੋਂ ਫਿਲਮ 'ਜੋ ਬੋਲੇ ਸੋ ਨਿਹਾਲ' 'ਤੇ ਪਾਬੰਦੀ ਲਗਾਉਣ ਦੀ ਮੰਗ ਕਰਦੇ ਹੋਏ ਲੋਕ-ਹਿੱਤ ਪਟੀਸ਼ਨ ਪੰਜਾਬ ਅਤੇ ਹਰਿਆਣਾ ਕੋਰਟ 'ਚ ਦਾਇਰ ਕਰ ਦਿੱਤੀ ਗਈ। ਜਿਸ 'ਤੇ ਮਾਨਯੋਗ ਅਦਾਲਤ ਨੇ ਪਟੀਸ਼ਨ ਸਵੀਕਾਰ ਕਰਦੇ ਹੋਏ ਸੰਬੰਧਿਤ ਧਿਰਾਂ ਨੂੰ ੧੨ ਮਈ ਲਈ ਨੋਟਿਸ ਜਾਰੀ ਕਰ ਦਿੱਤਾ।

੧੧ ਮਈ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਫਿਲਮ ਦਾ ੧੩ ਮਈ ਤੋਂ ਜਨਤਕ ਪ੍ਰਦਰਸ਼ਨ ਰੋਕਣ ਸਬੰਧੀ ਦਾਇਰ ਵੱਖ-ਵੱਖ ਰਿੱਟ ਪਟੀਸ਼ਨਾਂ ਦੀ ਸੁਣਵਾਈ ਕਰਦੇ ਹੋਏ ਕੇਂਦਰੀ ਫਿਲਮ ਸੈਂਸਰ ਬੋਰਡ ਨੂੰ ਇਹ ਹੁਕਮ ਜਾਰੀ ਕੀਤਾ ਕਿ ਉਹ ੧੨ ਮਈ ੨੦੦੫ ਨੂੰ ਉਕਤ ਫਿਲਮ ਬਾਰੇ ਦੁਬਾਰਾ ਤੋਂ ਰੀਵਿਊ ਕਰਕੇ ਇਹ ਫੈਸਲਾ ਲਵੇ ਕਿ ਫਿਲਮ 'ਚ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਕਿਸੇ ਤਰ੍ਹਾਂ ਦੀ ਠੇਸ ਤਾਂ ਨਹੀਂ ਪਹੁੰਚਦੀ ਅਤੇ ਫਿਲਮ ਨੂੰ ਦੁਬਾਰਾ ਪਾਸ ਕਰਕੇ ਆਪਣੀ ਰਿਪੋਰਟ ਹਾਈਕੋਰਟ 'ਚ ਪੇਸ਼ ਕਰੇ। ਇਹ ਹੁਕਮ ਹਾਈਕੋਰਟ ਦੇ ਮੁੱਖ ਜੱਜ ਜਸਟਿਸ ਡੀ.ਕੇ. ਜੈਨ ਅਤੇ ਜਸਟਿਸ ਹੇਮੰਤ ਗੁਪਤਾ 'ਤੇ ਆਧਾਰਿਤ ਡਵੀਜ਼ਨ ਬੈਂਚ ਨੇ ਰਿੱਟ ਪਟੀਸ਼ਨਾਂ ਦੀ ਸੁਣਵਾਈ ਉਪਰੰਤ ਜਾਰੀ ਕੀਤੇ।

੧੨ ਮਈ ਨੂੰ ਸੈਂਸਰ ਬੋਰਡ ਦੀ ਚੇਅਰਪਰਸਨ ਅਤੇ ਪ੍ਰਸਿੱਧ ਅਭਿਨੇਤਰੀ ਸ੍ਰੀਮਤੀ ਸ਼ਰਮੀਲਾ ਟੈਗੋਰ ਸੁਪਤਨੀ ਮਨਸੂਰ ਅਲੀ ਨਵਾਬ-ਏ-ਪਟੌਦੀ ਦੀ ਨਿੱਜੀ ਸਹਾਇਕ ਕੁਮਾਰੀ ਵੇਜਿਆ ਚਾਵਾ ਨੇ ਪ੍ਰੈੱਸ ਨੂੰ ਦੱਸਿਆ ਕਿ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਤਹਿਤ ਕੇਂਦਰੀ ਫਿਲਮ ਸੈਂਸਰ ਬੋਰਡ ਦੇ ਅੱਠ ਮੈਂਬਰਾਂ ਨੇ ਕ੍ਰਿਸ਼ਨ ਮੋਹਨ ਦੀ ਪ੍ਰਧਾਨਗੀ ਹੇਠ ਫਿਲਮ 'ਜੋ ਬੋਲੇ ਸੋ ਨਿਹਾਲ' ਦੇ ਇਤਰਾਜ਼ਯੋਗ ਸੀਨਾਂ ਨੂੰ ਵਿਚਾਰ ਕੇ ਆਪਣੀ ਰਿਪੋਰਟ ਭੇਜ ਦਿੱਤੀ ਹੈ। ਕੁਮਾਰੀ ਚਾਵਾ ਅਨੁਸਾਰ ਸੈਂਸਰ ਬੋਰਡ ਨੇ ਹਾਈਕੋਰਟ ਦੇ ਹੁਕਮਾਂ ਨੂੰ ਮੰਨਦਿਆਂ ਫਿਲਮ ਬਾਰੇ ਮੁੜ ਵਿਚਾਰ ਕਰਨ ਉਪਰੰਤ ਰਿਪੋਰਟ ਆਪਣੇ ਵਕੀਲ ਨੂੰ ਭੇਜ ਦਿੱਤੀ ਹੈ ਜੋ ਕਿ ਅਦਾਲਤ ਵਿਚ ਪੇਸ਼ ਕੀਤੀ ਜਾਵੇਗੀ। ਸਿੱਖ ਬ੍ਰਦਰਹੁੱਡ ਇੰਟਰਨੈਸ਼ਨਲ ਦੇ ਪ੍ਰਧਾਨ ਪਰਵਿੰਦਰ ਸਿੰਘ ਚੰਡੋਕ ਨੇ ਵੀ ਅਦਾਲਤ ਨੂੰ ਦੱਸਿਆ ਕਿ ਫਿਲਮ ਦੇਖਣ ਉਪਰੰਤ ਉਨ੍ਹਾਂ ਦਾ ਖਿਆਲ ਹੈ ਕਿ ਫਿਲਮ ਵਿਚ ਸ਼ਬਦ 'ਜੋ ਬੋਲੇ ਸੋ ਨਿਹਾਲ' ਜੋ ਲੜਾਈ ਤੋਂ ਪਹਿਲਾਂ ਦਿਖਾਇਆ ਗਿਆ ਹੈ, ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਕੋਈ ਠੇਸ ਨਹੀਂ ਪਹੁੰਚਦੀ। ਪਟੀਸ਼ਨ ਵਿਚ ਲਾਏ ਦੋਸ਼ਾਂ ਮੁਤਾਬਕ ਫਿਲਮ ਦਾ ਹੀਰੋ ਸਮੁੰਦਰ ਦੇ ਕੰਢੇ 'ਤੇ ਕੁੜੀਆਂ ਨਾਲ ਫਿਲਮ ਵਿਚ ਕੀਤੇ ਵੀ ਨੱਚਦਾ ਦਿਖਾਈ ਨਹੀਂ ਦਿੰਦਾ।

ਫਿਲਮ ਬਾਰੇ ਦਾਇਰ ਹੋਈਆਂ ਸਭ ਪਟੀਸ਼ਨਾਂ ਖਾਰਜ ਹੋ ਗਈਆਂ ਜਾਂ ਵਾਪਿਸ ਲੈ ਲਈਆਂ ਗਈਆਂ ਤੇ ਫਿਲਮ ੧੩ ਮਈ ਨੂੰ ਜਾਰੀ ਹੋ ਗਈ।

੧੫ ਮਈ ਨੂੰ ਫਿਲਮ 'ਜੋ ਬੋਲੇ ਸੋ ਨਿਹਾਲ' ਦੇ ਵਿਰੋਧ ਵਿਚ ਨਿੱਤਰੀਆਂ ਪੰਜ ਸਿੱਖ ਜਥੇਬੰਦੀਆਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਪਿਛਵਾੜੇ ਹੋਈ ਇਕੱਤਰਤਾ ਦੌਰਾਨ ਜਿਥੇ ਪੰਜਾਬ ਸਰਕਾਰ ਨੂੰ ਅਲਟੀਮੇਟਮ ਦਿੰਦਿਆਂ ੨੦ ਮਈ ਤੋਂ ਇਹ ਫਿਲਮ ਬਾਹੂਬਲ ਨਾਲ ਰੋਕਣ ਦਾ ਐਲਾਨ ਕੀਤਾ, ਉਥੇ ਇਸ ਫਿਲਮ ਦੇ ਮਾਮਲੇ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਖਿਲਾਫ ਮੋਰਚਾ ਵਿੱਢਣ ਦੇ ਮਾਮਲੇ 'ਤੇ ਇਹ ਜਥੇਬੰਦੀਆਂ ਆਪਸ ਵਿਚ ਹੀ ਉਲਝਦੀਆਂ ਰਹੀਆਂ। ਸ਼੍ਰੋਮਣੀ ਖਾਲਸਾ ਪੰਚਾਇਤ ਦੇ ਮੁਖੀ ਸ: ਰਜਿੰਦਰ ਸਿੰਘ ਨੇ ਫਿਲਮ 'ਤੇ ਸਿੱਖਾਂ ਦੇ ਧਾਰਮਿਕ ਜੈਕਾਰੇ ਨੂੰ ਅਪਮਾਨਿਤ ਕਰਨ ਦੇ ਦੋਸ਼ ਲਾਏ ਅਤੇ ਇਸ ਸਬੰਧੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਭੂਮਿਕਾ 'ਤੇ ਇਤਰਾਜ਼ ਕਰਦਿਆਂ ਜਥੇਦਾਰ ਦੇ ਅਸਤੀਫੇ ਦੀ ਮੰਗ ਕੀਤੀ, ਜਿਸ ਦਾ ਹਾਜ਼ਰ ਲੋਕਾਂ ਨੇ ਦੋਵੇਂ ਹੱਥ ਖੜ੍ਹੇ ਕਰਕੇ ਸਾਥ ਦਿੱਤਾ। ਖਾਲੜਾ ਮਿਸ਼ਨ ਕਮੇਟੀ ਦੇ ਸ: ਜੋਗਿੰਦਰ ਸਿੰਘ ਫੌਜੀ ਨੇ ਜਥੇਦਾਰ ਦੇ ਨਿੱਜੀ ਸਹਾਇਕ ਵੱਲੋਂ ਫਿਲਮ ਨੂੰ ਕਲੀਨ ਚਿੱਟ ਦੇਣ 'ਚ ਨਿਭਾਈ ਭੂਮਿਕਾ ਤੇ ਇਤਰਾਜ਼ ਕਰਦਿਆਂ ਕੁਰਬਾਨੀ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ। ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰੋ: ਜਗਮੋਹਨ ਸਿੰਘ ਟੋਨੀ ਨੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਬਣਾਈ ਗਈ ਕਮੇਟੀ ਦੀ ਰਿਪੋਰਟ ਵਿਖਾਈ ਅਤੇ ਦੱਸਿਆ ਕਿ ਜਥੇਦਾਰ ਵੇਦਾਂਤੀ ਵੱਲੋਂ ਕੀਤੇ ਗਏ ਫੋਨ ਦੇ ਆਧਾਰ 'ਤੇ ਹੀ ਹਾਈ ਕੋਰਟ ਵਿਚੋਂ ਭਾਈ ਅਮਰਜੀਤ ਸਿੰਘ ਨੇ ਕੇਸ ਵਾਪਸ ਲਿਆ ਸੀ। ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਸ: ਜਸਪਾਲ ਸਿੰਘ ਮੰਝਪੁਰ ਨੇ ਜਥੇਦਾਰ ਖਿਲਾਫ ਬੇਵਿਸਾਹੀ ਮਤਾ ਪਾਸ ਕੀਤੇ ਜਾਣ ਦੀ ਤਜਵੀਜ਼ ਰੱਖੀ। ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਵੱਲੋਂ ਫਿਲਮ ਨੂੰ ਹਰੀ ਝੰਡੀ ਦਿੱਤੇ ਜਾਣ ਨਾਲ ਮਸਲਾ ਹੋਰ ਵੀ ਗੰਭੀਰ ਬਣ ਗਿਆ। ਪੰਥਕ ਜਥੇਬੰਦੀਆਂ ਵੱਲੋਂ ਇਸ ਮਸਲੇ ਨੂੰ ਲੈ ਕੇ ਜਥੇਦਾਰ ਸਾਹਿਬ ਅਤੇ ਕਮੇਟੀ ਮੈਂਬਰਾਂ ਉੱਪਰ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ ਲਾਏ ਗਏ। ਇਸ ਕੰਮ ਲਈ ਫਿਲਮ ਦੇ ਡਿਸਟਰੀਬਿਊਟਰ ਪੌਂਟੀ ਚੱਢਾ ਦੇ ਕਰੀਬੀ ਚਰਨਜੀਤ ਸਿੰਘ ਚੱਢਾ (ਪ੍ਰਧਾਨ ਚੀਫ ਖਾਲਸਾ ਦੀਵਾਨ, ਅੰਮ੍ਰਿਤਸਰ) ਰਾਹੀਂ ੧ ਕਰੋੜ ੨੦ ਲੱਖ ਰੁਪਏ 'ਚ ਸੌਦਾ ਕੀਤੇ ਜਾਣ ਦਾ ਦੋਸ਼ ਲਾਇਆ ਗਿਆ। ਇਸ ਮਸਲੇ ਦੇ ਸਬੰਧ ਵਿਚ ਜਥੇਦਾਰ ਕਰਨੈਲ ਸਿੰਘ ਪੰਜੋਲੀ, ਮੈਂਬਰ ਸ਼੍ਰੋਮਣੀ ਕਮੇਟੀ ਨੇ ਫੈਸਲੇ 'ਤੇ ਭਾਰੀ ਇਤਰਾਜ਼ ਜਤਾਉਂਦਿਆਂ ਕਿਹਾ

ਕਿ 'ਫਿਲਮ ਨੂੰ ਹਰੀ ਝੰਡੀ ਪੰਥਕ ਰਵਾਇਤਾਂ, ਮਰਯਾਦਾ ਅਤੇ ਸਿੱਖ ਸੰਗਤਾਂ ਦੇ ਜਜ਼ਬਾਤ ਦੇ ਉਲਟ ਨੋਟਾਂ ਨਾਲ ਤੋਲ ਕੇ ਦਿੱਤੀ ਗਈ ਹੈ।'

ਇਹ ਇਕੱਤਰਤਾ ਦਲ ਖਾਲਸਾ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਸ਼੍ਰੋਮਣੀ ਖਾਲਸਾ ਪੰਚਾਇਤ, ਖਾਲੜਾ ਮਿਸ਼ਨ ਕਮੇਟੀ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ (ਬਿੱਟੂ) ਦੁਆਰਾ ਸੱਦੀ ਗਈ ਸੀ ਜਦ ਕਿ ਇਸ ਵਿਚ ਦਮਦਮੀ ਟਕਸਾਲ ਅਤੇ ਅਕਾਲੀ ਦਲ (ਲੌਂਗੋਵਾਲ) ਦੇ ਨੁਮਾਇੰਦੇ ਵੀ ਪੁੱਜੇ ਹੋਏ ਸਨ। ਸ੍ਰੀ ਅਕਾਲ ਤਖਤ ਸਾਹਿਬ ਦੇ ਭੋਰੇ ਵਿਚ ਮੀਟਿੰਗ ਕਰਨ ਦੀ ਆਗਿਆ ਨਾ ਮਿਲਣ 'ਤੇ ਇਨ੍ਹਾਂ ਜਥੇਬੰਦੀਆਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਪਿਛਵਾੜੇ ਨਵੇਂ ਬਣੇ ਵਰਾਂਡਿਆਂ ਵਿਚ ਬਿਨਾਂ ਮਾਈਕ ਤੋਂ ਹੀ ਮੀਟਿੰਗ ਆਰੰਭ ਕਰ ਦਿੱਤੀ। ਤਕਰੀਬਨ ਤਿੰਨ ਘੰਟੇ ਚੱਲੀ ਇਸ ਮੀਟਿੰਗ ਵਿਚ ਇਨ੍ਹਾਂ ਜਥੇਬੰਦੀਆਂ ਨੇ ਸਰਬਸੰਮਤੀ ਨਾਲ ਫੈਸਲਾ ਕੀਤਾ ਕਿ ਜੇਕਰ ਪੰਜਾਬ ਸਰਕਾਰ ਨੇ ਸਿੱਖਾਂ ਦੇ ਇਤਰਾਜ਼ਾਂ ਅਨੁਸਾਰ ਇਸ ਫਿਲਮ ਦਾ ਪ੍ਰਦਰਸ਼ਨ ਨਾ ਰੋਕਿਆ ਤਾਂ ੨੦ ਮਈ ਤੋਂ ਜਥੇਬੰਦੀਆਂ ਆਪਣੇ ਬਾਹੂਬਲ ਨਾਲ ਇਸ ਫਿਲਮ ਨੂੰ ਰੋਕਣ ਲਈ ਸਿਨੇਮੇ ਬੰਦ ਕਰਵਾਉਣਗੀਆਂ। ਫੈਸਲੇ ਅਨੁਸਾਰ ੨੦ ਮਈ ਸ਼ੁੱਕਰਵਾਰ ਨੂੰ ਜਥੇਬੰਦੀਆਂ ਦਾ ਇਕ ਇਕੱਠ ਲੁਧਿਆਣਾ ਦੇ ਗੁਰਦੁਆਰਾ ਗਊਘਾਟ ਵਿਖੇ ਹੋਵੇਗਾ ਅਤੇ ਉਥੋਂ ਇਕ ਜਲੂਸ ਦੇ ਰੂਪ ਵਿਚ ਸ਼ਿੰਗਾਰ ਸਿਨੇਮਾ ਵੱਲ ਕੂਚ ਕੀਤਾ ਜਾਵੇਗਾ। ਇਸੇ ਤਰ੍ਹਾਂ ੨੨ ਮਈ ਨੂੰ ਸ੍ਰੀ ਅਕਾਲ ਤਖਤ ਸਾਹਿਬ ਅ ਿਮ੍ਰਤਸਰ ਤੋਂ ਸਥਾਨਕ ਨਿਊ ਰਿਆਲਟੋ ਸਿਨੇਮੇ ਵੱਲ ਕੂਚ ਕੀਤਾ ਜਾਵੇਗਾ ਅਤੇ ੨੪ ਮਈ ਨੂੰ ਜਲੰਧਰ ਦੇ ਗੁਰਦੁਆਰਾ ਸਿੰਘ ਸਭਾ ਤੋਂ ਜਥੇਬੰਦੀਆਂ ਦੇ ਕਾਰਕੁਨ ਸਬੰਧਿਤ ਸਿਨੇਮੇ ਵੱਲ ਰਵਾਨਾ ਹੋਣਗੇ। ਸਮੂਹ ਬੁਲਾਰਿਆਂ ਨੇ ਇਸ ਫਿਲਮ ਵਿਚ ਸਿੱਖਾਂ ਦੇ ਜੈਕਾਰੇ ਨੂੰ ਵਪਾਰਕ ਸਵਾਰਥਾਂ ਦੀ ਪੂਰਤੀ ਲਈ ਵਰਤਣ ਦੇ ਦੋਸ਼ ਲਾਏ। ਇਸ ਮੀਟਿੰਗ ਵਿਚ ਫਿਲਮ ਦੇ ਵਿਰੋਧ ਸਬੰਧੀ ਇਕ ਨਵਾਂ ਮੁੱਦਾ ਵੀ ਉੱਭਰ ਕੇ ਆਇਆ ਕਿ ਇਸ ਫਿਲਮ ਵਿਚ ਪੰਜਾਬ ਪੁਲਿਸ ਨੂੰ ਵਡਿਆ ਕੇ ਪੇਸ਼ ਕੀਤਾ ਗਿਆ ਹੈ ਜਦ ਕਿ ਪੰਜਾਬ ਪੁਲਿਸ ਦਾ ਇਤਿਹਾਸ ਮਨੁੱਖੀ ਅਧਿਕਾਰਾਂ ਦੇ ਘਾਣ ਨਾਲ ਭਰਿਆ ਹੋਇਆ ਹੈ।

ਜਥੇਦਾਰ ਵੇਦਾਂਤੀ ਖਿਲਾਫ ਬਣੇ ਮਾਹੌਲ ਦੇ ਫਿਲਮ ਦੇ ਵਿਰੋਧ 'ਤੇ ਭਾਰੂ ਪੈਣ ਜਾਣ ਉਪਰੰਤ ਦਲ ਖਾਲਸਾ ਦੇ ਕੰਵਰਪਾਲ ਸਿੰਘ ਬਿੱਟੂ ਅਤੇ ਅੰਮ੍ਰਿਤਸਰ ਅਕਾਲੀ ਦਲ ਦੇ ਸ: ਚਰਨ ਸਿੰਘ ਲੁਹਾਰਾ ਨੇ ਸਾਰਾ ਧਿਆਨ ਫਿਲਹਾਲ ਫਿਲਮ ਖਿਲਾਫ ਕੇਂਦਰਿਤ ਕਰਨ ਦੀ ਵਕਾਲਤ ਕੀਤੀ ਅਤੇ ਜਥੇਦਾਰ ਦੀ ਖਿਲਾਫਤ ਨੂੰ ਬਾਅਦ ਵਿਚ ਵਿਚਾਰਨ ਲਈ ਕਿਹਾ ਤਾਂ ਮੀਟਿੰਗ ਵਿਚ ਭਾਰੀ ਰੌਲਾ ਰੱਪਾ ਪੈ ਗਿਆ। ਹਾਲਾਤ ਤੂੰ-ਤੂੰ, ਮੈਂ-ਮੈਂ ਤੱਕ ਵੀ ਪੁੱਜ ਗਏ। ਮੀਟਿੰਗ ਦੌਰਾਨ ਪਾਸ ਕੀਤੇ ਮਤਿਆਂ ਵਿਚੋਂ ਇਕ ਮਤੇ ਵਿਚ ਚੀਫ ਖਾਲਸਾ ਦੀਵਾਨ ਕੋਲੋਂ ਮੰਗ ਕੀਤੀ ਗਈ ਕਿ ਸਭ ਪੁਆੜੇ ਦੀ ਜੜ੍ਹ ਬਣੀ ਇਸ ਫਿਲਮ ਦੇ ਨਿਰਮਾਣ ਤੇ ਪ੍ਰਦਰਸ਼ਨ ਵਿਚ ਵੱਡਾ ਯੋਗਦਾਨ ਪਾ ਰਹੇ ਦੀਵਾਨ ਦੇ ਪ੍ਰਧਾਨ ਸ: ਚਰਨਜੀਤ ਸਿੰਘ ਚੱਢਾ ਨੂੰ ਪ੍ਰਧਾਨਗੀ ਤੋਂ ਲਾਹ ਦਿੱਤਾ ਜਾਵੇ। ਸਟੇਜ ਸਕੱਤਰ ਦੀ ਭੂਮਿਕਾ ਸ: ਰਜਿੰਦਰ ਸਿੰਘ ਖਾਲਸਾ ਪੰਚਾਇਤ ਨੇ ਨਿਭਾਈ ਜਦ ਕਿ ਮਤੇ ਸ: ਕੰਵਰਪਾਲ ਸਿੰਘ ਦਲ ਖਾਲਸਾ ਨੇ ਪੜ੍ਹੇ।

ਮੀਟਿੰਗ ਵਿਚ ਪੱਤਰਕਾਰ ਦਲਬੀਰ ਸਿੰਘ, ਖਾਲੜਾ ਮਿਸ਼ਨ ਕਮੇਟੀ ਦੇ ਸ: ਬਲਵਿੰਦਰ ਸਿੰਘ ਝਬਾਲ, ਦਮਦਮੀ ਟਕਸਾਲ ਦੇ ਸ: ਅਜਾਇਬ ਸਿੰਘ ਅਭਿਆਸੀ, ਸ: ਲਖਵਿੰਦਰ ਸਿੰਘ ਹੁਸ਼ਿਆਰਪੁਰ, ਸ਼੍ਰੋਮਣੀ ਖਾਲਸਾ ਦਲ ਦੇ ਗੁਰਦੇਵ ਸਿੰਘ ਬਟਾਲਵੀ, ਮਨੁੱਖੀ ਅਧਿਕਾਰ ਸੰਗਠਨ ਦੇ ਸ: ਕ੍ਰਿਪਾਲ ਸਿੰਘ ਰੰਧਾਵਾ, ਬੀਬੀ ਤਜਿੰਦਰ ਕੌਰ ਅਤੇ ਅਕਾਲੀ ਦਲ ਅੰਮ੍ਰਿਤਸਰ ਦੇ ਭਾਈ ਰਾਮ ਸਿੰਘ ਆਦਿ ਆਗੂਆਂ ਨੇ ਵੀ ਵਿਚਾਰ ਪ੍ਰਗਟ ਕੀਤੇ ਸਨ।

ਸਿੱਖ ਜਥੇਬੰਦੀਆਂ ਦੇ ਆੜਾ ਲਾਉਣ 'ਤੇ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਇਸ ਗੱਲ ਤੋਂ ਸਾਫ ਹੀ ਮੁੱਕਰ ਗਏ ਕਿ ਉਹਨਾਂ ਵੱਲੋਂ ਫਿਲਮ ਨੂੰ ਕੋਈ ਕਲੀਨ ਚਿੱਟ ਦਿੱਤੀ ਗਈ। ਇਥੇ ਸਵਾਲ ਇਹ ਉੱਟਦਾ ਸੀ ਕਿ ਜੇਕਰ ਜਥੇਦਾਰ ਨੇ ਫਿਲਮ ਨੂੰ ਕਲੀਨ ਚਿੱਟ ਨਹੀਂ ਦਿੱਤੀ ਤਾਂ ਉਹ ਮੁਬੰਈ ਆਪਣੀ ਕਮੇਟੀ ਲੈ ਕੇ ਕੀ ਕਰਨ ਗਏ ਸਨ?

ਜਥੇਦਾਰ ਦੀ ਇਸ ਬਿਆਨੀ ਨਾਲ ਮਾਮਲਾ ਹੋਰ ਵੀ 'ਭੰਬਲਭੂਸੇ' ਵਿਚ ਪੈ ਗਿਆ। ਪਰ ਇਸ ਫਿਲਮ ਖਿਲਾਫ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਸਭ ਤੋਂ ਪਹਿਲੀ ਦਾਇਰ ਕੀਤੀ ਰਿੱਟ ਪਟੀਸ਼ਨ ਵਾਪਸ ਲੈਣ ਵਾਲੇ ਸ: ਅਮਰਜੀਤ ਸਿੰਘ ਹੈਪੀ ਨੇ ੧੦ ਮਈ ਰਾਤ ੮.੩੦ ਵਜੇ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਅਤੇ ਸਹਾਇਕ ਸ: ਪ੍ਰਿਥੀਪਾਲ ਸਿੰਘ ਸੰਧੂ ਨਾਲ ਹੋਈ ਗੱਲਬਾਤ, ਜਿਸ ਵਿਚ ਫਿਲਮ ਨੂੰ ਕਲੀਨ ਚਿੱਟ ਦਿੱਤੀ ਗਈ ਹੈ, ਜਲੰਧਰ ਦੀ ਇਕ ਪੰਜਾਬੀ ਅਖਬਾਰ ਨੂੰ ਸੁਣਾਈ। ਅਕਾਲ ਮਾਰਕਿਟ (ਲੁਧਿਆਣਾ) ਦੇ ਪ੍ਰਧਾਨ ਸ: ਅਮਰਜੀਤ ਸਿੰਘ ਹੈਪੀ ਨੇ ਦੱਸਿਆ ਕਿ ਜਥੇਦਾਰ ਸ੍ਰੀ ਅਕਾਲ ਤਖਤ ਨੇ ਸਿੱਖ ਵਿਦਵਾਨਾਂ ਦੀ ਇਕ ੭ ਮੈਂਬਰੀ ਕਮੇਟੀ ਕਾਇਮ ਕੀਤੀ ਸੀ ਜਿਸ ਵਿਚ ਸ: ਸੁਰਜੀਤ ਸਿੰਘ ਅੰਮ੍ਰਿਤਸਰ, ਪ੍ਰਿਤਪਾਲ ਸਿੰਘ ਪ੍ਰਧਾਨ ਗੁ: ਦੂਖ ਨਿਵਾਰਨ ਸਾਹਿਬ ਲੁਧਿਆਣਾ, ਗਿਆਨੀ ਸਰਬਜੀਤ ਸਿੰਘ ਲੁਧਿਆਣਾ, ਸ: ਕੇਵਲ ਸਿੰਘ ਸਾਬਕਾ ਮੈਂਬਰ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ, ਪ੍ਰਿੰਸੀਪਲ ਅਜੀਤ ਸਿੰਘ ਮੁੰਬਈ, ਸ: ਪਰਬਿੰਦਰ ਸਿੰਘ ਮੁੰਬਈ ਅਤੇ ਜੋਗਿੰਦਰ ਸਿੰਘ ਸੇਠੀ, ਸਿੱਖ ਬ੍ਰਦਰਹੁੱਡ ਇੰਟਰਨੈਸ਼ਨਲ ਮੁੰਬਈ ਸ਼ਾਮਿਲ ਕੀਤੇ ਗਏ ਸਨ। ਸੂਤਰਾਂ ਅਨੁਸਾਰ ਇਸ ਕਮੇਟੀ ਦੇ ੬ ਮੈਂਬਰਾਂ ਨੇ ਪਿਛਲੇ ਐਤਵਾਰ ਮੁੰਬਈ ਵਿਖੇ ਇਹ ਫਿਲਮ ਵੇਖਣ ਉਪਰੰਤ ਸਿੰਘ ਸਾਹਿਬ ਨੂੰ ਰਿਪੋਰਟ ਭੇਜੀ ਕਿ ਇਸੇ ਫਿਲਮ ਵਿਚ ਅਜਿਹਾ ਕੁਝ ਨਹੀਂ ਹੈ ਜੋ ਕਿ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਹੋਵੇ। ਸ: ਹੈਪੀ ਨੇ ਇਹ ਵੀ ਦੱਸਿਆ ਕਿ ਸਿੰਘ ਸਾਹਿਬ ਜਥੇਦਾਰ ਵੇਦਾਂਤੀ ਵੱਲੋਂ ਫਿਲਮ ਸਬੰਧੀ ਨਾਮਜ਼ਦ ਕੀਤੀ ਕਮੇਟੀ ਜਿਸ ਵਿਚ ਸ: ਪ੍ਰਿਥੀਪਾਲ ਸਿੰਘ ਸੰਧੂ ਮੈਂਬਰ ਨਹੀਂ ਸੀ, ਪਰ ਉਸਦੀ ਅਗਵਾਈ ਹੇਠ ਪੰਜਾਬ ਤੋਂ ਦੋ ਹੋਰ ਮੈਂਬਰ ਮੁੰਬਈ ਫ਼ਿਲਮ ਦੇਖਣ ਗਏ ਸੀ ਦੇ ਦਸਤਖਤਾਂ ਹੇਠ ਜਾਰੀ ੪ ਸਫਿਆਂ ਦੀ ਰਿਪੋਰਟ ਵਿਚ ਸ: ਪ੍ਰਿਥੀਪਾਲ ਸਿੰਘ ਸੰਧੂ ਦੇ ਵੀ ਦਸਤਖ਼ਤ ਸਨ। ਉਨ੍ਹਾਂ ਦੱਸਿਆ ਕਿ ਇਸ ਰਿਪੋਰਟ ਦੀ ਕਾਪੀ ਉਨ੍ਹਾਂ ਨੂੰ ੧੦ ਮਈ ਸ਼ਾਮ ਸਮੇਂ ਮਿਲ ਗਈ ਸੀ ਜਿਸ ਵਿਚ ਕਮੇਟੀ ਵੱਲੋਂ ਇਸ ਫ਼ਿਲਮ ਵਿਚ ਸਿੱਖ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਕੋਈ ਗੱਲ ਨਾ ਹੋਣ ਬਾਰੇ ਸਪੱਸ਼ਟ ਲਿਖਿਆ ਗਿਆ ਸੀ। ਸ: ਹੈਪੀ ਨੇ ਦੱਸਿਆ ਕਿ ਸਿੰਘ ਸਾਹਿਬ ਦੇ ਪੱਤਰ ਨਾਲ ਨੱਥੀ ਰਿਪੋਰਟ ਮਿਲਣ ਉਪਰੰਤ ਉਨ੍ਹਾਂ ਨੇ ਸਿੰਘ ਸਾਹਿਬ ਨੂੰ ਸ਼ਾਮ ਸਮੇਂ ਟੈਲੀਫੋਨ ਕੀਤਾ ਤਾਂ ਜਥੇਦਾਰ ਵੇਦਾਂਤੀ ਨੇ ਰਾਤ ੮.੩੦ ਵਜੇ ਮੁੜ ਫੋਨ ਕਰਨ ਲਈ ਕਿਹਾ। ਉਨ੍ਹਾਂ ਦੱਸਿਆ ਕਿ ਜਦੋਂ ਰਾਤ ਨੂੰ ਉਨ੍ਹਾਂ ਮੁੜ ਫੋਨ ਕੀਤਾ ਤਾਂ ਸ: ਪ੍ਰਿਥੀਪਾਲ ਸਿੰਘ ਸੰਧੂ ਨੇ ਫੋਨ ਚੁੱਕਿਆ ਅਤੇ ਲਗਪਗ ੯ ਮਿੰਟ ਦੇ ਕਰੀਬ ਉਨ੍ਹਾਂ ਨਾਲ ਗੱਲਬਾਤ ਕਰਕੇ ਫ਼ਿਲਮ ਦੀ ਪੂਰੀ ਵਕਾਲਤ ਕੀਤੀ।

ਇਸ ਉਪਰੰਤ 'ਕਲੀਨ ਚਿੱਟ' ਦੀਆਂ ਖਬਰਾਂ ਛਪਣ ਨਾਲ ਜਥੇਦਾਰ ਸਾਹਿਬ ਹੋਰ ਵੀ ਕੜਿੱਕੀ ਵਿਚ ਅੜ੍ਹ ਗਏ। ਸੰਤ ਸਮਾਜ ਦੇ ਪ੍ਰਧਾਨ ਬਾਬਾ ਸਰਬਜੋਤ ਸਿੰਘ ਬੇਦੀ ਨੇ ਪ੍ਰੈੱਸ ਬਿਆਨ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਦੇ ਦੂਹਰੇ ਕਿਰਦਾਰ ਦੀ ਵੀ ਨਿਖੇਧੀ ਕੀਤੀ। ਐਨ ਮੌਕੇ 'ਤੇ ਹੀ ਅਕਾਲੀ ਦਲ (ਲੌਂਗੋਵਾਲ) ਦੇ ਪ੍ਰਧਾਨ ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ ਨੇ ਬਿਆਨ ਦਾਗ ਦਿੱਤਾ ਕਿ ਵਿਵਾਦਿਤ ਹਿੰਦੀ ਫਿਲਮ 'ਜੋ ਬੋਲੇ ਸੋ ਨਿਹਾਲ' ਦੇ ਪੰਜਾਬ ਦੇ ਵਿਤਰਕ ਸ੍ਰੀ ਪੌਂਟੀ ਚੱਢਾ ਵੱਲੋਂ ਕੀਤੇ ਗਏ

ਐਲਾਨ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਅਤੇ ਸ਼੍ਰੋਮਣੀ ਕਮੇਟੀ ਦੇ ਪਾਜ ਖੋਲ੍ਹ ਦਿੱਤੇ ਹਨ।

੨੦ ਮਈ ਨੂੰ ਜਲੰਧਰ ਵਿਖੇ ਇਕ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਪ੍ਰੋ: ਚੰਦੂਮਾਜਰਾ ਨੇ ਕਿਹਾ ਕਿ ਸ੍ਰੀ ਪੌਂਟੀ ਚੱਢਾ ਨੇ ਫਿਲਮ ਨੂੰ ਪੰਜਾਬ ਵਿਚ ਨਾ ਚਲਾਉਣ ਸੰਬੰਧੀ ਦਿੱਤੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਜੇ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਬਣਾਈ ਗਈ ਕਮੇਟੀ ਦੇ ਆਧਾਰ 'ਤੇ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਫਿਲਮ ਨੂੰ ਕਲੀਨ ਚਿੱਟ ਨਾ ਦਿੱਤੀ ਜਾਂਦੀ ਤਾਂ ਉਹ ਪਹਿਲਾਂ ਹੀ ਇਸ ਫਿਲਮ ਨੂੰ ਪੰਜਾਬ ਦੇ ਸਿਨੇਮਾ ਘਰਾਂ ਵਿਚ ਰਿਲੀਜ਼ ਨਾ ਕਰਦੇ। ਪ੍ਰੋ: ਚੰਦੂਮਾਜਰਾ ਨੇ ਕਿਹਾ ਕਿ ਸ੍ਰੀ ਪੌਂਟੀ ਚੱਢਾ ਦੇ ਇਸ ਬਿਆਨ ਤੋਂ ਇਹ ਸਪੱਸ਼ਟ ਹੋ ਗਿਆ ਹੈ ਕਿ ਇਸ ਮਾਮਲੇ ਵਿਚ ਜਥੇਦਾਰ ਵੇਦਾਂਤੀ, ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ: ਪ੍ਰਕਾਸ਼ ਸਿੰਘ ਬਾਦਲ ਦੀ ਭੂਮਿਕਾ ਠੀਕ ਨਹੀਂ ਰਹੀ।

ਫਿਲਮ 'ਜੋ ਬੋਲੇ ਸੋ ਨਿਹਾਲ' ਦੇ ਮਾਮਲੇ ਵਿਚ ਲਗਾਤਾਰ ਵਧ ਰਹੇ ਵਿਵਾਦ ਨੂੰ ਭਾਂਫਦਿਆਂ ਫਿਲਮ ਦੇ ਨਿਰਮਾਤਾ ਅਤੇ ਨਿਰਦੇਸ਼ਕ ਸਮੇਤ ਵਿਤਰਕ ਨੇ ਇਹ ਐਲਾਨ ਕੀਤਾ ਕਿ ਉਹ ਸਿੱਖਾਂ ਦੀ ਨੁਮਾਇੰਦਾ ਜਮਾਤ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਸਿੱਖ ਵਿਦਵਾਨਾਂ ਦੀ ਕਮੇਟੀ ਇਸ ਫਿਲਮ ਵਿਚ ਬਦਲਾਅ ਸਬੰਧੀ ਜੋ ਵੀ ਸੁਝਾਅ ਪੇਸ਼ ਕਰੇਗੀ , ਉਨ੍ਹਾਂ ਨੂੰ ਪ੍ਰਵਾਨ ਕਰਨਗੇ। ਇਸ ਸਬੰਧ ਵਿਚ ਫਿਲਮ ਦੇ ਨਿਰਦੇਸ਼ਕ ਸ੍ਰੀ ਰਾਹੁਲ ਰਵੇਲ ਨੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨਾਲ ਵੀ ਫੋਨ 'ਤੇ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਸ਼੍ਰੋਮਣੀ ਕਮੇਟੀ ਇਸ ਮਾਮਲੇ ਵਿਚ ਜੋ ਵੀ ਸੁਝਾਅ ਦੇਵੇਗੀ, ਉਸ ਨੂੰ ਉਹ ਲਾਗੂ ਕਰਨਗੇ। ਇਸ ਸਬੰਧੀ ਪੁਸ਼ਟੀ ਕਰਦਿਆਂ ਪ੍ਰਧਾਨ ਬੀਬੀ ਜਗੀਰ ਕੌਰ ਨੇ ਦੱਸਿਆ ਕਿ ਫਿਲਮ ਦੇ ਨਿਰਦੇਸ਼ਕ ਦਾ ਉਨ੍ਹਾਂ ਨੂੰ ਫੋਨ ਆਇਆ ਹੈ ਅਤੇ ਉਨ੍ਹਾਂ ਕਿਹਾ ਹੈ ਕਿ ਇਸ ਤੋਂ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਬਣਾਈ ਗਈ ਕਮੇਟੀ ਨੇ ਜੋ ਸੁਝਾਅ ਦਿੱਤੇ ਸਨ, ਉਸ ਮੁਤਾਬਿਕ ਫਿਲਮ ਵਿਚ ਕੁਝ ਬਦਲਾਅ ਕੀਤੇ ਗਏ ਸਨ ਅਤੇ ਹੁਣ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਗਈ ਕਮੇਟੀ ਵੀ ਜੋ ਸੁਝਾਅ ਦੇਵੇਗੀ ਉਸ ਨੂੰ ਵੀ ਪ੍ਰਵਾਨ ਕਰਨਗੇ। ਬੀਬੀ ਜਗੀਰ ਕੌਰ ਨੇ ਫਿਲਮ ਦੇ ਨਿਰਦੇਸ਼ਕ ਵੱਲੋਂ ਭਰੇ ਇਸ ਹੁੰਗਾਰੇ ਨੂੰ ਚੰਗੇ ਸੰਕੇਤ ਦੱਸਦਿਆਂ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ੧੫ ਸਿੱਖ ਵਿਦਵਾਨਾਂ ਦੀ ਬਣਾਈ ਗਈ ਕਮੇਟੀ ਦੀ ਇਕੱਤਰਤਾ ਚੰਡੀਗੜ੍ਹ ਵਿਖੇ ੧੯ ਮਈ ਨੂੰ ੧੧ ਵਜੇ ਚੰਡੀਗੜ੍ਹ ਸਥਿਤ ਕਲਗੀਧਰ ਨਿਵਾਸ ਵਿਖੇ ਸੱਦੀ ਗਈ ਹੈ।

ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਆਦੇਸ਼ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਫਿਲਮ 'ਜੋ ਬੋਲੇ ਸੋ ਨਿਹਾਲ' ਬਾਰੇ ਉਠੇ ਵਿਵਾਦ 'ਤੇ ਵਿਚਾਰ ਕਰਨ ਲਈ ਇਕ ਉੱਚ-ਪੱਧਰੀ ੧੫-ਮੈਂਬਰੀ ਕਮੇਟੀ ਦਾ ਗਠਨ ਕੀਤਾ, ਜਿਸ ਵਿਚ ਸ਼੍ਰੋਮਣੀ ਕਮੇਟੀ ਦੇ ਮੈਂਬਰ ਸਾਹਿਬਾਨ ਸਿੱਖ ਵਿਦਵਾਨ, ਸੰਤ ਸਮਾਜ ਅਤੇ ਨਿਹੰਗ ਜਥੇਬੰਦੀਆਂ ਨੂੰ ਪ੍ਰਤੀਨਿਧਤਾ ਦਿੱਤੀ ਗਈ ਹੈ।

ਉਧਰ ਅਕਾਲੀ ਦਲ (ਬ) ਦੇ ਪ੍ਰਧਾਨ ਸ: ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਜਿੰਨੀ ਦੇਰ ਤੱਕ ਸਿੱਖ ਸੰਸਥਾਵਾਂ ਦੇ ਫਿਲਮ ਬਾਰੇ ਸ਼ੰਕੇ ਦੂਰ ਨਹੀਂ ਹੁੰਦੇ ਉਦੋਂ ਤੱਕ ਫਿਲਮ ਨਾ ਚਲਾਈ ਜਾਵੇ।

ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਤੋਂ ਜਾਰੀ ਕੀਤੇ ਗਏ ਇਕ ਪ੍ਰੈੱਸ ਨੋਟ ਵਿਚ ਦੱਸਿਆ ਗਿਆ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਬੀਬੀ ਨੂੰ ਆਦੇਸ਼ ਦਿੱਤਾ ਸੀ ਕਿ ਵਿਵਾਦਤ ਫਿਲਮ 'ਜੋ ਬੋਲੇ ਸੋ ਨਿਹਾਲ' ਦੇ ਵਿਵਾਦ ਬਾਰੇ ਵਿਸਥਾਰ-ਪੂਰਬਕ ਵਿਚਾਰ-ਵਟਾਂਦਰੇ ਲਈ ਇਕ ਸਬ-ਕਮੇਟੀ ਦਾ ਗਠਨ ਕੀਤਾ ਜਾਏ ਜੋ ਇਸ ਫਿਲਮ ਨਾਲ ਸੰਬੰਧਿਤ ਉਠੇ ਸਾਰੇ ਵਿਵਾਦਾਂ 'ਤੇ ਵਿਚਾਰ

ਕਰਕੇ ਆਪਣਾ ਫੈਸਲਾ ਦੇਵੇ। ਇਸ ਆਦੇਸ਼ ਦੀ ਪਾਲਣਾ ਕਰਦਿਆਂ ਬੀਬੀ ਜੀ ਨੇ ਜੋ ੧੫-ਮੈਂਬਰੀ ਸਬ-ਕਮੇਟੀ ਦਾ ਗਠਨ ਕੀਤਾ ਹੈ, ਉਸ ਵਿਚ ਹੇਠ ਲਿਖੇ ਮੈਂਬਰ ਸ਼ਾਮਿਲ ਕੀਤੇ ਗਏ ਹਨ-ਪ੍ਰਿੰਸੀਪਲ ਰਾਮ ਸਿੰਘ (ਗੁਰੂ ਗੋਬਿਦ ਸਿੰਘ ਸਟੱਡੀ ਸਰਕਲ, ਲੁਧਿਆਣਾ), ਮੈਂਬਰਾਨ ਸ਼੍ਰੋਮਣੀ ਕਮੇਟੀ ਸ: ਮਨਜੀਤ ਸਿੰਘ ਕਲਕੱਤਾ, ਸ: ਹਰਦੀਪ ਸਿੰਘ ਮੁਹਾਲੀ, ਸ: ਜਸਵਿੰਦਰ ਸਿੰਘ ਐਡਵੋਕੇਟ (ਅਕਾਲ ਪੁਰਖ ਦੀ ਫੌਜ), ਡਾ: ਦਲਜੀਤ ਸਿੰਘ ਚੀਮਾ (ਸਕੱਤਰ ਸ਼੍ਰੋਮਣੀ ਅਕਾਲੀ ਦਲ), ਬਾਬਾ ਬਲਬੀਰ ਸਿੰਘ (ਮੁਖੀ, ਬੁੱਢਾ ਦਲ), ਬਾਬਾ ਨਿਹਾਲ ਸਿੰਘ (ਹਰੀਆਂ ਵੇਲਾਂ ਵਾਲੇ), ਸੰਤ ਬਾਬਾ ਤੇਜਾ ਸਿੰਘ ਖੁੱਡਾ ਸਰ ਵਾਲੇ (ਸੰਤ ਸਮਾਜ), ਡਾ: ਗੁਰਸ਼ਰਨ ਕੌਰ ਜੱਗੀ (ਪਟਿਆਲਾ), ਡਾ: ਜਸਬੀਰ ਸਿੰਘ ਸਾਂਬਰ (ਅੰ ਮ੍ਰਿਤਸਰ), ਡਾ: ਦਰਸ਼ਨ ਸਿੰਘ (ਚੰਡੀਗੜ੍ਹ), ਡਾ: ਗੁਰਬਚਨ ਸਿੰਘ ਬੱਚਨ (ਸਾਬਕਾ ਸਕੱਤਰ ਸ਼੍ਰੋਮਣੀ ਕਮੇਟੀ), ਡਾ: ਸਰਬਜਿੰਦਰ ਸਿੰਘ (ਪਟਿਆਲਾ), ਜਸਬੀਰ ਸਿੰਘ ਖੰਨੇਵਾਲੇ ਅਤੇ ਮਹੰਤ ਤੀਰਥ ਸਿੰਘ ਸੇਵਾ-ਪੰਥੀ (ਗੋਨਿਆਣਾ)।

੧੩ ਮਈ ਫਿਲਮ ਦੇ ਜਾਰੀ ਹੁੰਦਿਆਂ ਹੀ ਜਲੰਧਰ, ਲੁਧਿਆਣਾ ਅਤੇ ਅੰਮ੍ਰਿਤਸਰ ਵੱਖ-ਵੱਖ ਸਿਨੇਮਿਆਂ ਵਿਚ ਫਿਲਮ ਰਿਲੀਜ਼ ਕਰਨ ਖਿਲਾਫ ਵੱਖ-ਵੱਖ ਪੰਥਕ ਜਥੇਬੰਦੀਆਂ ਵੱਲੋਂ ਪ੍ਰਦਰਸ਼ਨ ਕਰਕੇ ਟਰੈਫਿਕ ਜਾਮ ਕੀਤਾ ਗਿਆ। ਜਲੰਧਰ ਵਿਖੇ ਰੋਸ ਪ੍ਰਦਰਸ਼ਨ ਕਰ ਰਹੇ ਨੌਜਵਾਨਾਂ 'ਤੇ ਪੁਲਿਸ ਵੱਲੋਂ ਜ਼ੋਰਦਾਰ ਲਾਠੀਚਾਰਜ ਕੀਤਾ। ਇਸ ਦੌਰਾਨ ਕਈ ਵਿਅਕਤੀ ਜ਼ਖਮੀ ਹੋ ਗਏ ਜਦਕਿ ਇਕ ਬਜ਼ੁਰਗ ਸਣੇ ੧੦ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਲੁਧਿਆਣਾ ਵਿਖੇ ਵੀ ਪੰਥਕ ਜਥੇਬੰਦੀਆਂ ਦੇ ਵਰਕਰਾਂ ਉੱਤੇ ਪੁਲਿਸ ਵੱਲੋਂ ਕੀਤੇ ਲਾਠੀਚਾਰਜ ਨਾਲ ਦਰਜਨ ਦੇ ਕਰੀਬ ਨੌਜਵਾਨ ਜ਼ਖਮੀ ਹੋ ਗਏ। ਸ਼੍ਰ ੋਮਣੀ ਅਕਾਲੀ ਦਲ (ਅ) ਦੇ ਜਨਰਲ ਸਕੱਤਰ ਪ੍ਰੋ: ਜਗਮੋਹਨ ਸਿੰਘ ਟੋਨੀ, ਖਾਲਸਾ ਪੰਚਾਇਤ ਦੇ ਚਰਨਜੀਤ ਸਿੰਘ ਖਾਲਸਾ, ਇੰਟਰਨੈਸ਼ਨਲ ਸਿੱਖ ਧਰਮ ਪ੍ਰਚਾਰ ਮੰਚ ਦੇ ਸ: ਪ੍ਰੀਤਮ ਸਿੰਘ ਭਰੋਵਾਲ ਆਦਿ ਦੀ ਅਗਵਾਈ ਵਿਚ ਸ਼ਿੰਗਾਰ ਸਿਨੇਮਾ ਸੜਕ 'ਤੇ ਟਰੈਫਿਕ ਜਾਮ ਕੀਤਾ ਗਿਆ। ਇਸ ਸਮੇਂ ਪੁਲਿਸ ਅਧਿਕਾਰੀਆਂ ਨੇ ਪ੍ਰੋ: ਜਗਮੋਹਨ ਸਿੰਘ ਟੋਨੀ ਦੀ ਖਿੱਚ-ਧੂਹ ਕੀਤੀ ਜਿਸ 'ਤੇ ਉਨ੍ਹਾਂ ਦੀ ਦਸਤਾਰ ਸਿਰ ਤੋਂ ਲਹਿ ਕੇ ਥੱਲੇ ਡਿੱਗ ਪਈ।

ਇਸੇ ਤਰ੍ਹਾਂ ਹੁਸ਼ਿਆਰਪੁਰ ਵਿਖੇ ਵੀ ਅਕਾਲੀ ਦਲ (ਅ) ਦੇ ਵਰਕਰਾਂ ਵੱਲੋਂ ਫਿਲਮ ਦੇ ਪ੍ਰਦਰਸ਼ਨ ਖਿਲਾਫ ਰੋਸ-ਮੁਜ਼ਾਹਰਾ ਕੀਤਾ ਗਿਆ।

ਜਲੰਧਰ ਤੋਂ ਮਨਵੀਰ ਸਿੰਘ ਵਾਲੀਆ ਅਨੁਸਾਰ ਜਲੰਧਰ ਦੇ ਨਰਿੰਦਰ ਸਿਨੇਮਾ ਵਿਖੇ ਫਿਲਮ ਭਾਰੀ ਰੌਲੇ-ਰੱਪੇ ਦੌਰਾਨ ਰਿਲੀਜ਼ ਕੀਤੀ ਗਈ। ਇਸ ਅਵਸਰ 'ਤੇ ਸਵੇਰ ਤੋਂ ਹੀ ਸਿਨੇਮਾ ਹਾਲ ਦੇ ਬਾਹਰ ਡੇਰਾ ਜਮਾ ਕੇ ਬੈਠੇ ਅਤੇ ਰੋਸ ਪ੍ਰਦਰਸ਼ਨ ਕਰ ਰਹੇ ਵੱਖ-ਵੱਖ ਸਿੱਖ ਜਥੇਬੰਦੀਆਂ ਨਾਲ ਸੰਬੰਧਿਤ ਨੌਜਵਾਨਾਂ ਉੱਪਰ ਪੁਲਿਸ ਵੱਲੋਂ ਜ਼ੋਰਦਾਰ ਲਾਠੀਚਾਰਜ ਕੀਤਾ ਗਿਆ, ਜਿਸ ਦੌਰਾਨ ਕੁਝ ਵਿਅਕਤੀ ਫੱਟੜ ਵੀ ਹੋ ਗਏ। ਪੁਲਿਸ ਵੱਲੋਂ ਪ੍ਰਦਰਸ਼ਨਕਾਰੀਆਂ ਦਾ ਦੂਰ ਤੱਕ ਪਿੱਛਾ ਕੀਤਾ ਗਿਆ ਅਤੇ ਗਲੀਆਂ ਵਿਚੋਂ ਉਨ੍ਹਾਂ ਨੂੰ ਖਿੱਚ ਕੇ ਕੁੱਟਮਾਰ ਕਰਦੇ ਹੋਏ ਦੰਗਾ ਰੋਕੂ ਬੱਸ ਵਿਚ ਸੁੱਟ ਲਿਆ ਗਿਆ। ਇਸ ਮੌਕੇ ਹੋਏ ਭਾਰੀ ਪਥਰਾਅ ਦੌਰਾਨ ਸਿਨੇਮਾ ਹਾਲ ਅਤੇ ਬਾਹਰ ਸੜਕ 'ਤੇ ਖੜ੍ਹੇ ਕੁਝ ਵਾਹਨਾਂ ਨੂੰ ਵੀ ਨੁਕਸਾਨ ਪੁੱਜਾ ਅਤੇ ਦੋ ਪੁਲਿਸ ਮੁਲਾਜ਼ਮ ਅਤੇ ਇਕ ਰਾਹਗੀਰ ਪੱਥਰ ਲੱਗਣ ਕਾਰਨ ਜ਼ਖਮੀ ਹੋ ਗਿਆ। ਪੁਲਿਸ ਵੱਲੋਂ ਮੌਕੇ 'ਤੇ ਇਕ ਬਜ਼ੁਰਗ ਸਿੱਖ ਸਮੇਤ ੧੦ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਉਨ੍ਹਾਂ ਦੇ ਖਿਲਾਫ ਜਾਨ-ਲੇਵਾ ਹਮਲਾ ਕਰਨ ਅਤੇ ਦੰਗਾ ਭੜਕਾਉਣ ਜਿਹੀਆਂ ਗੰਭੀਰ ਅਪਰਾਧਿਕ ਧਾਰਾਵਾਂ ਦੇ ਤਹਿਤ ਮਾਮਲਾ ਦਰਜ਼ ਕੀਤਾ ਗਿਆ ਹੈ। ਉਕਤ ਘਟਨਾ ਤੋਂ ਬਾਅਦ ਸਿੱਖ ਸੰਸਥਾਵਾਂ ਵਿਚ ਭਾਰੀ ਰੋਸ ਫੈਲ ਗਿਆ ਹੈ। ਇਹ ਵੀ ਦੱਸਣਯੋਗ ਹੈ ਕਿ ਸਿਨੇਮਾ ਹਾਲ ਦੇ ਅੰਦਰ ਮੌਜੂਦ ਕੁਝ ਵਿਅਕਤੀਆਂ ਅਤੇ

ਪੁਲਿਸ ਮੁਲਾਜ਼ਮਾਂ ਵੱਲੋਂ ਵੀ ਪੱਥਰਾਂ ਦਾ ਮੀਂਹ ਵਰ੍ਹਾ ਦਿੱਤਾ ਗਿਆ। ਜਿਸ ਕਾਰਨ ਕਈ ਵਾਹਨਾਂ ਨੂੰ ਨੁਕਸਾਨ ਪੁੱਜਾ।
ਜ਼ਿਕਰਯੋਗ ਹੈ ਕਿ ਉਕਤ ਫਿਲਮ ਦੀ ਰਿਲੀਜ਼ ਦਾ ਵਿਰੋਧ ਕਰਨ ਲਈ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਮੈਂਬਰ, ਸਿੱਖ ਨੌਜਵਾਨ ਸਵੇਰ ਤੋਂ ਹੀ ਨਰਿੰਦਰ ਸਿਨੇਮਾ ਹਾਲ ਦੇ ਬਾਹਰ ਇਕੱਤਰ ਹੋਣੇ ਸ਼ੁਰੂ ਹੋ ਗਏ ਸਨ। ਪ੍ਰਦਰਸ਼ਨਕਾਰੀਆਂ ਵੱਲੋਂ ਪੈਂਫੋਲੇਟ ਵੀ ਵੰਡੇ ਗਏ ਜਿਸ ਵਿਚ ਉਨ੍ਹਾਂ ਕਿਹਾ ਹੈ ਕਿ ਇਸ ਫਿਲਮ ਰਾਹੀਂ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪੁਚਾਈ ਗਈ ਹੈ। ਕਰੀਬ ੧੦.੦੦ ਵਜੇ ਜਦੋਂ ਦਰਸ਼ਕ ਸਿਨੇਮਾ ਹਾਲ ਵਿਚ ਦਾਖਲ ਹੋਣੇ ਸ਼ੁਰੂ ਹੋਏ ਤਾਂ ਪ੍ਰਦਸ਼ਨਕਾਰੀਆਂ ਵੱਲੋਂ ਨਾਅਰੇਬਾਜ਼ੀ ਤੇਜ਼ ਕਰ ਦਿੱਤੀ ਗਈ। ਇਸੇ ਦੌਰਾਨ ਇਕ ਯੂਥ ਆਗੂ ਆਪਣੇ ਕੁਝ ਸਾਥੀਆਂ ਨਾਲ ਸਿਨੇਮਾ ਹਾਲ ਦੇ ਪ੍ਰਬੰਧਕਾਂ ਨਾਲ ਬੰਦ ਕਮਰੇ ਵਿਚ ਮੁਲਾਕਾਤ ਕਰਨ ਉਪਰੰਤ ਬਾਹਰ ਆਇਆ ਅਤੇ ਕਹਿਣ ਲੱਗਾ ਕਿ ਇਹ ਫਿਲਮ ਮਾੜੀ ਨਹੀਂ ਹੈ ਚਲੋ ਵਾਪਸ ਚਲੀਏ, ਜਿਸ ਤੋਂ ਉਥੇ ਇਕੱਤਰ ਨੌਜਵਾਨ ਭੜਕ ਉਠੇ ਅਤੇ ਸਾਰਾ ਮਾਮਲਾ ਭੜਕਾਉਣ ਵਾਲੇ ਉਕਤ ਨੇਤਾ ਨੂੰ ਮੂੰਹ ਛਿਪਾਉਣਾ ਪਿਆ। ਇਸੇ ਦੌਰਾਨ ਉਥੇ ਡੀ. ਐਸ. ਪੀ. ਚਰਨਜੀਤ ਸਿੰਘ ਦੀ ਅਗਵਾਈ ਹੇਠ ਪੁੱਜੇ ਪੁਲਿਸ ਮੁਲਾਜ਼ਮਾਂ ਨੇ ਪ੍ਰਦਰਸ਼ਨਕਾਰੀਆਂ ਨੂੰ ਉਥੋਂ ਦੌੜ ਜਾਣ ਲਈ ਕਿਹਾ ਤਾਂ ਸਥਿਤੀ ਤਣਾਅਪੂਰਨ ਹੋ ਗਈ ਅਤੇ ਪੁਲਿਸ ਵੱਲੋਂ ਪ੍ਰ ਦਰਸ਼ਨਕਾਰੀਆਂ 'ਤੇ ਜੰਮ ਕੇ ਡਾਂਗ ਵਰ੍ਹਾਈ ਗਈ ਅਤੇ ਪ੍ਰਦਰਸ਼ਨਕਾਰੀਆਂ ਨੂੰ ਸੜਕ 'ਤੇ ਲੰਮੇ ਪਾ-ਪਾ ਕੇ ਕੁੱਟਿਆ ਗਿਆ।
ਜੋ ਵੀ ਕੇਸਰੀ ਜਾਂ ਨੀਲੀ ਪੱਗ ਵਾਲਾ ਜਾਂ ਖੁੱਲ੍ਹੀ ਦਾੜ੍ਹੀ ਵਾਲਾ ਵਿਅਕਤੀ ਪੁਲਿਸ ਨੂੰ ਨਜ਼ਰ ਆਇਆ ਉਸ ਨੂੰ ਲੰਮਾ ਪਾ ਕੇ ਡਾਂਗਾਂ ਨਾਲ ਕੁੱਟਿਆ ਗਿਆ। ਇਸੇ ਦੌਰਾਨ ਉਕਤ ਯੂਥ ਆਗੂ ਉਥੋਂ ਪੱਤਰਾ ਵਾਚ ਗਿਆ। ਪੁਲਿਸ ਵੱਲੋਂ ਇਕ ਬਜ਼ੁਰਗ ਅਵਤਾਰ ਸਿੰਘ ਨੂੰ ਵੀ ਡਾਂਗਾਂ ਨਾਲ ਬੇਰਹਿਮੀ ਨਾਲ ਕੁੱਟਿਆ ਗਿਆ, ਜਿਸ ਕਾਰਨ ਉਸ ਦੀ ਲੱਤ ਬੁਰੀ ਤਰ੍ਹਾਂ ਜ਼ਖਮੀ ਹੋ ਗਈ ਅਤੇ ਉਸ ਨੂੰ ਚੁੱਕ ਕੇ ਗੱਡੀ ਵਿਚ ਸੁੱਟ ਲਿਆ ਗਿਆ।
ਪ੍ਰਦਰਸ਼ਨਕਾਰੀਆਂ ਨੂੰ ਖਦੇੜਣ ਉਪਰੰਤ ਤਣਾਅ ਭਰੇ ਮਾਹੌਲ ਵਿਚ ਫਿਲਮ ਰਿਲੀਜ਼ ਹੋਈ। ਮਿਲੀ ਜਾਣਕਾਰੀ ਮੁਤਾਬਿਕ ਸਿਨੇਮਾ ਹਾਲ ਦੇ ਅੰਦਰ ਮੌਜੂਦ ਫਿਲਮ ਵਿਤਰਕ ਦੇ ਕਥਿਤ ਸਮਰਥਕਾਂ ਵੱਲੋਂ ਵੀ ਪ੍ਰਦਰਸ਼ਨਕਾਰੀਆਂ 'ਤੇ ਪੱਥਰ ਵਰ੍ਹਾਏ ਗਏ ਜਿਸ ਕਾਰਨ ਕਈ ਰਾਹਗੀਰਾਂ ਦੇ ਵੀ ਸੱਟਾਂ ਲੱਗੀਆਂ। ਸਥਿਤੀ ਉਸ ਸਮੇਂ ਕਾਫੀ ਤਣਾਅਪੂਰਨ ਹੋ ਗਈ ਜਦੋਂ ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਗਏ ਇਕ ਅੰ ਮ੍ਰਿਤਧਾਰੀ ਨੌਜਵਾਨ ਦੀ ਛੋਟੀ ਕਿਰਪਾਨ ਲਾਹੁਣ ਦੀ ਕੋਸ਼ਿਸ਼ ਕੀਤੀ ਗਈ ਅਤੇ ਉਸ ਦੇ ਵੱਲੋਂ ਵਿਰੋਧ ਕੀਤਾ ਗਿਆ, ਜਿਸ ਦੌਰਾਨ ਚੰਚਲ ਸਿੰਘ ਨਾਮਕ ਇਕ ਐਸ. ਪੀ. ਓ. ਦਾ ਹੱਥ ਮਾਮੂਲੀ ਜ਼ਖਮੀ ਹੋ ਗਿਆ। ਪਥਰਾਅ ਦੌਰਾਨ ਹਵਾਲਦਾਰ ਸੋਢੀ ਲਾਲ ਅਤੇ ਫਿਲਮ ਦੇਖਣ ਆਇਆ ਕਪੂਰਥਲਾ ਨਿਵਾਸੀ ਮਨਜੀਤ ਸਿੰਘ ਪੁੱਤਰ ਜਰਨੈਲ ਸਿੰਘ ਵੀ ਜ਼ਖਮੀ ਹੋ ਗਿਆ। ਪੁਲਿਸ ਵੱਲੋਂ ਪੰਜਾਬ ਯੂਥ ਕਲੱਬਜ਼ ਦੇ ਪ੍ਰਧਾਨ ਜੋਗਿੰਦਰ ਸਿੰਘ ਜੋਗੀ ਨੂੰ ਮੁੱਖ ਦੋਸ਼ੀ ਦੱਸਦੇ ਹੋਏ ਕਰੀਬ ਇਕ ਦਰਜਨ ਵਿਅਕਤੀਆਂ ਨੂੰ ਨਾਮਜ਼ਦ ਕਰਕੇ ਕਰੀਬ ਚਾਰ ਦਰਜਨ ਵਿਅਕਤੀਆਂ ਦੇ ਖਿਲਾਫ ਭਾਰਤੀ ਦੰਡਾਵਲੀ ਦੀ ਧਾਰਾ ੧੦੬, ੩੦੭, ੩੨੩, ੪੨੭, ੧੪੮, ੧੪੯ ਦੇ ਤਹਿਤ ਥਾਣਾ ਛੇ ਵਿਚ ਮੁਕੱਦਮਾ ਨੰਬਰ ੧੦੭/੦੫ ਐਸ਼ ਐਚ. ਓ. ਵਿਝੌਰ ਕੁਮਾਰ ਦੇ ਬਿਆਨਾਂ 'ਤੇ ਦਰਜ ਕੀਤਾ ਗਿਆ ਹੈ।ਫੜ੍ਹੇ ਗਏ ਵਿਅਕਤੀਆਂ ਦੇ ਨਾਂਅ ਇਸ ਪ੍ਰਕਾਰ ਸਨ:-
ਰਵਿੰਦਰ ਪਾਲ ਸਿੰਘ ਗਰੇਵਾਲ ਉਰਫ ਲੱਕੀ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ (ਪੀਰ ਮੁਹੰਮਦ) ਜਲੰਧਰ ਦਿਹਾਤੀ, ਸੁਖਜੀਤ ਸਿੰਘ ਵਾਸੀ ਖਾਂਬਰਾ, ਅਜੀਤ ਸਿੰਘ ਵਾਸੀ ਖਾਂਬਰਾ, ਅਵਤਾਰ ਸਿੰਘ (੮੦ ) ਵਾਸੀ ਬਾਲਮੀਕੀ ਗੇਟ ਜਲੰਧਰ, ਤਜਿੰਦਰਪਾਲ ਸਿੰਘ ਹਰਬੰਸ ਨਗਰ ਜਲੰਧਰ, ਇਕਬਾਲ ਸਿੰਘ ਵਾਸੀ ੬੨੬ ਗੁਰੂ

ਨਾਨਕਪੁਰਾ (ਈਸਟ) ਜਲੰਧਰ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਕਾਲਜ ਜਲੰਧਰ, ਨਰਿੰਦਰ ਸਿੰਘ (ਹਾਜੀਪੁਰ), ਗੁਰਵਿੰਦਰ ਸਿੰਘ (ਹਾਜੀਪੁਰ), ਪ੍ਰਭਸ਼ਰਨ ਸਿੰਘ ਮਾਡਲ ਹਾਊਸ ਜਲੰਧਰ, ਹਰਪ੍ਰੀਤ ਸਿੰਘ ਵਾਸੀ ਕਾਲਰਾ (ਜਲੰਧਰ), ਇਸ ਸਾਰੀ ਕਾਰਵਾਈ ਦੌਰਾਨ ਐਸ. ਪੀ. ਸਿਟੀ (ਦੋ) ਸ੍ਰੀ ਰਾਕੇਸ਼ ਕੌਸ਼ਲ ਵੀ ਹਾਜ਼ਰ ਸਨ।

ਸਿੱਖ ਨੌਜਵਾਨਾਂ ਵੱਲੋਂ ਐਸ. ਪੀ. ਓ. ਚੰਚਲ ਸਿੰਘ 'ਤੇ ਹਮਲਾ ਕਰਨ ਦੇ ਦੋਸ਼ ਅਧੀਨ ਧਾਰਾ ੩੦੭ ਦਾ ਮਾਮਲਾ ਦਰਜ ਕੀਤਾ ਗਿਆ। ਘਟਨਾ ਅਨੁਸਾਰ ਉਹ ਰਵਿੰਦਰ ਪਾਲ ਸਿੰਘ ਗਰੇਵਾਲ ਦੇ ਗਲ੍ਹ ਵਿਚ ਪਾਈ ਛੋਟੀ ਕਿਰਪਾਨ ਨਾਲ ਹੱਥੋਪਾਈ ਦੌਰਾਨ ਚੰਚਲ ਸਿੰਘ ਦੇ ਹੱਥ 'ਤੇ ਕੱਟ ਲੱਗ ਗਿਆ, ਜਿਸ ਨੂੰ ਪੁਲਿਸ ਨੇ ਜਾਨ-ਲੇਵਾ ਹਮਲਾ ਕਰਾਰ ਦੇ ਕੇ ਧਾਰਾ ੩੦੭ ਲਗਾ ਦਿੱਤੀ।

ਉਕਤ ਮਾਮਲੇ ਸਬੰਧੀ ਆਪਣਾ ਪੱਖ ਦੱਸਦੇ ਹੋਏ ਸ: ਜੋਗਿੰਦਰ ਸਿੰਘ ਜੋਗੀ ਨੇ ਦੱਸਿਆ ਕਿ ਉਕਤ ਧਰਨਾ ਪ੍ਰਦਰਸ਼ਨ ਉਨ੍ਹਾਂ ਦੀ ਜਥੇਬੰਦੀ ਵੱਲੋਂ ਨਹੀਂ ਸੀ ਅਤੇ ਉਹ ਤਾਂ ਮਹਿਜ਼ ਪ੍ਰਦਰਸ਼ਨਕਾਰੀਆਂ ਨੂੰ ਸਮਝਾਉਣ ਲਈ ਹੀ ਉਥੋਂ ਲੰਘਦੇ ਸਮੇਂ ਸਿਨੇਮਾ ਹਾਲ ਦੇ ਅੰਦਰ ਗਏ ਸਨ, ਉਨ੍ਹਾਂ ਕਿਹਾ ਕਿ ਪੁਲਿਸ ਵੱਲੋਂ ਉਨ੍ਹਾਂ ਦਾ ਨਾਂਅ ਬੇਵਜ੍ਹਾ ਮਾਮਲੇ ਵਿਚ ਜੋੜਿਆ ਗਿਆ ਹੈ ਜਦਕਿ ਉਹ ਪ੍ਰਦਰਸ਼ਨ ਵਿਚ ਸ਼ਾਮਿਲ ਨਹੀਂ ਸਨ।

ਵਿਵਾਦਿਤ ਫ਼ਿਲਮ 'ਜੋ ਬੋਲੇ ਸੋ ਨਿਹਾਲ' ਦੀ ਰਿਲੀਜ਼ ਦਾ ਵਿਰੋਧ ਕਰਦੇ ਸਮੇਂ ਜਾਨ ਲੇਵਾ ਹਮਲਾ ਕਰਨ ਅਤੇ ਦੰਗੇ ਭੜਕਾਉਣ ਦੇ ਦੋਸ਼ ਅਧੀਨ ਜਲੰਧਰ ਤੋਂ ਗ੍ਰਿਫਤਾਰ ਕੀਤੇ ਗਏ ੧੫ ਸਿੱਖ ਨੌਜਵਾਨਾਂ ਨੂੰ ਡਿਊਟੀ ਮੈਜਿਸਟਰੇਟ ਦੀ ਅਦਾਲਤ ਵਿਚ ਪੇਸ਼ ਕੀਤੇ ਜਾਣ ਉਪਰੰਤ ਨਿਆਇਕ ਹਿਰਾਸਤ ਵਿਚ ਜੇਲ੍ਹ ਭੇਜ ਦਿੱਤਾ ਗਿਆ ਤੇ ਜਿਨ੍ਹਾਂ ਨੂੰ ਬਾਅਦ ਵਿਚ ਜ਼ਮਾਨਤਾਂ ਉੱਤੇ ਰਿਹਾਅ ਕਰ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਪੁਲਿਸ ਅਧਿਕਾਰੀਆਂ ਨੇ ਸਿਰਫ ੧੦ ਵਿਅਕਤੀਆਂ ਨੂੰ ਗ੍ਰਿਫਤਾਰ ਕੀਤੇ ਜਾਣ ਦੀ ਪੁਸ਼ਟੀ ਕੀਤੀ ਸੀ ਜਦ ਕਿ ੧੦ ਵਿਅਕਤੀਆਂ ਦੇ ਨਾਲ ਪੰਜ ਹੋਰ ਨੌਜਵਾਨਾਂ ਜਸਵਿੰਦਰ ਸਿੰਘ ਪੁੱਤਰ ਗੁਰਬਚਨ ਸਿੰਘ ਵਾਸੀ ਕੋਟ ਕਰਾਰ ਖਾਂ (ਜਲੰਧਰ), ਜਗਜੀਤ ਸਿੰਘ ਪੁੱਤਰ ਰਵਿੰਦਰ ਸਿੰਘ ਵਾਸੀ ਸੰਗਤ ਸਿੰਘ ਨਗਰ ਜਲੰਧਰ, ਗੁਰਵਿੰਦਰ ਸਿੰਘ ਪੁੱਤਰ ਜੁਗਿੰਦਰ ਸਿੰਘ ਵਾਸੀ ੨੯੭ ਨੀਲਾ ਮਹਿਲ ਜਲੰਧਰ, ਸ਼ੇਰ ਸਿੰਘ ਪੁੱਤਰ ਸਰਬ ਸਿੰਘ ਵਾਸੀ ਢੰਨ ਮੁਹੱਲਾ ਜਲੰਧਰ ਅਤੇ ਅਜੇਬੀਰ ਸਿੰਘ ਪੁੱਤਰ ਬਲਜੀਤ ਸਿੰਘ ਵਾਸੀ ਬਾਲਮੀਕ ਗੇਟ ਜਲੰਧਰ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਸੀ ਜਿਨ੍ਹਾਂ ਬਾਰੇ ਕਿਸੇ ਨੂੰ ਵੀ ਨਹੀਂ ਦੱਸਿਆ ਗਿਆ ਸੀ।

ਥਾਣਾ ਛੇ ਦੇ ਬਾਹਰ ਹੰਗਾਮਾ ਹੋਣ ਦੇ ਡਰੋਂ ਰਾਤ ਵੇਲੇ ਹੀ ਸਾਰੇ ੧੫ ਵਿਅਕਤੀਆਂ ਨੂੰ ਜੇਲ੍ਹ ਭੇਜ ਦਿੱਤਾ ਗਿਆ। ਉਧਰੋਂ ਪੁਲਿਸ ਦੇ ਘੇਰੇ ਵਿਚ ਜਲੰਧਰ ਦੇ ਨਰਿੰਦਰ ਸਿਨੇਮਾ ਵਿਖੇ ਫ਼ਿਲਮ ਦੇ ਸ਼ੋਅ ਜਾਰੀ ਰਹੇ। ਸਿਨੇਮਾ ਹਾਲ ਦੀ ਸੁਰੱਖਿਆ ਲਈ ਇਕ ਡੀ. ਐਸ. ਪੀ. ਅਤੇ ਥਾਣਾ ਮੁਖੀ ਵਿਭੋਰ ਕੁਮਾਰ ਦੀ ਅਗਵਾਈ ਹੇਠ ਚਾਰ ਦਰਜਨ ਤੋਂ ਵੱਧ ਪੁਲਿਸ ਮੁਲਾਜ਼ਮ ਤਾਇਨਾਤ ਕੀਤੇ ਗਏ ਜੋ ਕਿ ਦਿਨ ਰਾਤ ਉਥੇ ਪਹਿਰੇ 'ਤੇ ਬਿਠਾਏ ਗਏ ਸਨ। ਸਿਨੇਮਾ ਹਾਲ ਦੇ ਬਾਹਰ ਘੋੜ ਸਵਾਰ ਪੁਲਿਸ ਜਵਾਨ, ਪਾਣੀ ਦੀਆਂ ਤੋਪਾਂ, ਦੰਗਾ ਰੋਕੂ ਪੁਲਿਸ ਵਾਹਨ ਅਤੇ ਅੱਥਰੂ ਗੈਸ ਦਸਤੇ ਤਾਇਨਾਤ ਕੀਤੇ ਗਏ ਸਨ।

ਹੁਸ਼ਿਆਰਪੁਰ ਵਿਖੇ 'ਜੋ ਬੋਲੇ ਸੋ ਨਿਹਾਲ' ਦੀ ਰਿਲੀਜ਼ ਮੌਕੇ ਸਥਾਨਕ ਸਵਰਨ ਸਿਨੇਮੇ ਸਾਹਮਣੇ ਗੁਰਦੁਆਰਾ ਸਿੰਘ ਸਭਾ ਰੇਲਵੇ ਰੋਡ ਹੁਸ਼ਿਆਰਪੁਰ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਵੱਖ-ਵੱਖ ਸਿੱਖ ਜਥੇਬੰਦੀਆਂ ਵੱਲੋਂ ਰੋਸ ਮੁਜ਼ਾਹਰਾ ਕੀਤਾ ਗਿਆ। ਇਸ ਮੌਕੇ ਸਮੂਹ ਜਥੇਬੰਦੀਆਂ ਦੇ ਆਗੂਆਂ ਨੇ ਫਿਲਮ ਦੇ ਪ੍ਰਦਰਸ਼ਨ 'ਤੇ ਰੋਕ ਲਗਾਉਣ ਦੀ ਮੰਗ ਕਰਦਿਆਂ ਇਸ ਫਿਲਮ ਦੇ ਸਿਰਲੇਖ ਨੂੰ ਬਦਲਣ ਦੀ ਮੰਗ ਕੀਤੀ। ਇਸ ਦੌਰਾਨ ਪੁਲਿਸ ਵੱਲੋਂ ਸ਼੍ਰੋਮਣੀ ਅਕਾਲੀ ਦਲ (ਅ) ਯੂਥ ਵਿੰਗ ਦੇ

ਜ਼ਿਲ੍ਹਾ ਪ੍ਰਧਾਨ ਸ: ਗੁਰਨਾਮ ਸਿੰਘ ਸਿੰਗੜੀਵਾਲਾ ਅਤੇ ਗੁਰਦੁਆਰਾ ਸਿੰਘ ਸਭਾ ਦੇ ਮੈਨੇਜਰ ਸ: ਪਵਨ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਰੋਸ ਪ੍ਰਦਰਸ਼ਨ ਕਰਨ ਵਾਲਿਆਂ ਵਿਚ ਦਲ ਖਾਲਸਾ ਦੇ ਵਿੱਤ ਸਕੱਤਰ ਡਾ: ਮਨਜਿੰਦਰ ਸਿੰਘ ਜੰਡੀ, ਸ: ਗੁਰਦੀਪ ਸਿੰਘ ਕਾਲਕਟ, ਸ: ਗੁਰਦੀਪ ਸਿੰਘ ਖੁਣਖੁਣ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅ), ਸ: ਅਵਤਾਰ ਸਿੰਘ ਲਾਇਲ ਮੀਤ ਪ੍ਰਧਾਨ ਗੁਰ: ਸਿੰਘ ਸਭਾ, ਅਖੰਡ ਕੀਰਤਨੀ ਜਥੇ ਦੇ ਪ੍ਰਧਾਨ ਜਥੇ: ਪਰਮਜੀਤ ਸਿੰਘ ਅਤੇ ਹੋਰਨਾਂ ਜਥੇਬੰਦੀਆਂ ਦੇ ਨੁਮਾਇੰਦੇ ਹਾਜ਼ਰ ਸਨ। ਇਸ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿ: ਜੋਗਿੰਦਰ ਸਿੰਘ ਵੇਦਾਂਤੀ ਵੱਲੋਂ ਨਿਯੁਕਤ ਕੀਤੀ ਗਈ ਕਮੇਟੀ ਵੱਲੋਂ ਫਿਲਮ ਨੂੰ ਕਲੀਨ ਚਿੱਟ ਦਿੱਤੇ ਜਾਣ ਦੀ ਨਿਖੇਧੀ ਕੀਤੀ। ਯੂਥ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਦੀ ਗ੍ਰਿਫ਼ਤਾਰੀ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ (ਅ) ਦੇ ਜ਼ਿਲ੍ਹਾ ਅਹੁਦੇਦਾਰਾਂ ਦੀ ਸੱਦੀ ਗਈ ਹੰਗਾਮੀ ਮੀਟਿੰਗ ਉਪਰੰਤ ਡਾ: ਜੱਖੂ ਨੇ ਐਲਾਨ ਕੀਤਾ ਕਿ ਇਸ ਫਿਲਮ ਖਿਲਾਫ਼ ਸੰਘਰਸ਼ ਵਿੱਢਣ ਲਈ ਪੰਥਕ ਜਥੇਬੰਦੀਆਂ ਨਾਲ ਰਾਬਤਾ ਕਾਇਮ ਕਰਕੇ ਪੰਜ ਮੈਂਬਰੀ ਕਮੇਟੀ ਬਣਾਈ ਗਈ ਹੈ। ਜਿਸ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਜਥੇਦਾਰ ਗੁਰਦੀਪ ਸਿੰਘ ਦੁਲੱਟ, ਜਥੇ: ਹਰਭਜਨ ਸਿੰਘ, ਚਾਚਾ ਕੁਲਦੀਪ ਸਿੰਘ ਮੁਕੇਰੀਆਂ, ਸ: ਸਵਰਨ ਸਿੰਘ ਨੰਗਲ ਖੂੰਗਾ ਅਤੇ ਸ: ਸੁਖਵਿੰਦਰਜੀਤ ਸਿੰਘ ਬੀਰਾ ਨੂੰ ਸ਼ਾਮਿਲ ਕੀਤਾ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸ: ਗੁਰਦੀਪ ਸਿੰਘ ਦੁਲੱਟ, ਸ: ਸਵਰਨ ਸਿੰਘ ਨੰਗਲ ਖੂੰਗਾ, ਸ: ਹਰਭਜਨ ਸਿੰਘ, ਚਾਚਾ ਕੁਲਦੀਪ ਸਿੰਘ, ਸਤਵਿੰਦਰਜੀਤ ਸਿੰਘ ਬੀਰਾ, ਸੁਰਿੰਦਰ ਸਿੰਘ ਨਸਰਾਲਾ, ਜਥੇ: ਰਜਿੰਦਰ ਸਿੰਘ, ਉਂਕਾਰ ਸਿੰਘ ਬੱਬਰ, ਕੁਲਦੀਪ ਸਿੰਘ ਮੂਨਕ, ਬਾਪੂ ਕਰਤਾਰ ਸਿੰਘ, ਜਗਦੀਸ਼ ਸਿੰਘ ਰੋਡਾ, ਤੀਰਥ ਸਿੰਘ ਧਾਮੀ, ਮਹਿੰਦਰ ਸਿੰਘ, ਸਤਵਿੰਦਰ ਸਿੰਘ ਨੌਰੰਗਾਬਾਦ, ਜਰਨੈਲ ਸਿੰਘ ਅਟਲਗੜ੍ਹ, ਗੁਲਵਿੰਦਰ ਸਿੰਘ, ਵਿਕਰਮਜੀਤ ਸਿੰਘ, ਅਮਰਜੀਤ ਸਿੰਘ, ਡਾ: ਹਰਜਿੰਦਰ ਸਿੰਘ ਚੱਬੇਵਾਲ ਆਦਿ ਵੀ ਹਾਜ਼ਰ ਸਨ।

ਖੰਨਾ ਦੇ ਸਥਾਨਕ ਆਦਰਸ਼ ਸਿਨੇਮਾ ਵਿਚ 'ਜੋ ਬੋਲੇ ਸੋ ਨਿਹਾਲ' ਰਿਲੀਜ਼ ਹੋਣ ਮੌਕੇ ਭਾਵੇਂ ਇਤਿਹਾਤ ਵਜੋਂ ਪੁਲਿਸ ਤਾਇਨਾਤ ਰਹੀ ਪਰ ਕਿਸੇ ਪ੍ਰਕਾਰ ਦਾ ਰੋਸ ਪ੍ਰਦਰਸ਼ਨ ਨਹੀਂ ਹੋਇਆ।

ਜਲੰਧਰ ਦੇ ਅਕਾਲੀ ਨੇਤਾਵਾਂ ਨੇ ਜਲੰਧਰ ਵਿਚ ਫਿਲਮ ਦੇ ਪ੍ਰਦਰਸ਼ਨ ਦਾ ਵਿਰੋਧ ਕਰਨ ’ਤੇ ਫੜੇ ਗਏ ਵਿਦਿਆਰਥੀਆਂ ਦਾ ਮਾਮਲਾ ਜਦੋਂ ਉਨ੍ਹਾਂ ਦੇ ਨੋਟਿਸ ਵਿਚ ਲਿਆਂਦਾ ਗਿਆ ਤਾਂ ਜਥੇਦਾਰ ਭੌਰ ਨੇ ਭਰੋਸਾ ਦਿਵਾਇਆ ਕਿ ਨੌਜਵਾਨਾਂ ਦੇ ਕੇਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲੜੇਗੀ। ਵਕੀਲ ਵੀ ਅਸੀਂ ਕਰਾਂਗੇ, ਖਰਚਾ ਵੀ ਜੋ ਹੋਵੇਗਾ ਕਰਾਂਗੇ। ਇਸ ਸਮੇਂ ਸ: ਗੁਰਚਰਨ ਸਿੰਘ ਚੰਨੀ, ਸ: ਪਰਮਿੰਦਰਪਾਲ ਸਿੰਘ ਖਾਲਸਾ, ਸ: ਸੁਰਿੰਦਰਪਾਲ ਸਿੰਘ ਗੋਲਡੀ, ਸ: ਜਗਜੀਤ ਸਿੰਘ ਗਾਬਾ, ਸ: ਰਣਬੀਰ ਸਿੰਘ ਜੋੜਾ, ਸ: ਦਰਸ਼ਨ ਸਿੰਘ ਸੋਢੀ ਵੀ ਮੌਜੂਦ ਸਨ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਨੌਜਵਾਨਾਂ ਦੀ ਰਿਹਾਈ ਲਈ ਸ਼੍ਰੋਮਣੀ ਕਮੇਟੀ ਹਰ ਸੰਭਵ ਕੋਸ਼ਿਸ਼ ਕਰੇਗੀ।

੨੨ ਮਈ  ਨੂੰ ਪੱਛਮੀ ਦਿੱਲੀ ਦੇ ਦੋ ਸਿਨੇਮਾ ਘਰਾਂ 'ਚ ਫਿਲਮ 'ਜੋ ਬੋਲੇ ਸੋ ਨਿਹਾਲ' ਦੇ ਸ਼ੋਅ ਦੌਰਾਨ ਹੋਏ ਦੋ ਸ਼ਕਤੀਸ਼ਾਲੀ ਬੰਬ ਧਮਾਕਿਆਂ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਜਦਕਿ ੫੫ ਹੋਰ ਜ਼ਖਮੀ ਹੋ ਗਏ ਜਿਨ੍ਹਾਂ 'ਚੋਂ ੬ ਦੀ ਹਾਲਤ ਗੰਭੀਰ ਦੱਸੀ ਗਈ। ਜ਼ਖਮੀਆਂ ਵਿਚ ੭ ਔਰਤਾਂ ਅਤੇ ਇਕ ਬੱਚਾ ਵੀ ਸ਼ਾਮਿਲ ਸੀ। ਦੂਜੇ ਪਾਸੇ ਚਸ਼ਮਦੀਦ ਗਵਾਹਾਂ ਨੇ ਇਨ੍ਹਾਂ ਧਮਾਕਿਆਂ 'ਚ ੭ ਤੋਂ ਵੱਧ ਮੌਤਾਂ ਹੋਣ ਬਾਰੇ ਦੱਸਿਆ। ਬੰਬ ਧਮਾਕਿਆਂ ਤੋਂ ਬਾਅਦ ਦੋਵਾਂ ਸਿਨੇਮਾ ਘਰਾਂ ਨੂੰ ਸੀਲ ਕਰ ਦਿੱਤਾ ਗਿਆ ਅਤੇ ਰਾਜਧਾਨੀ ਦੇ ਸਾਰੇ ਸਿਨੇਮਾ ਘਰਾਂ 'ਚ ਚੌਕਸੀ ਵਰਤਣ ਦੇ ਆਦੇਸ਼ ਦਿੱਤੇ ਗਏ। ਦਿੱਲੀ 'ਚ ਰੈੱਡ ਅਲਰਟ ਜਾਰੀ

ਕਰ ਦਿੱਤਾ ਗਿਆ। ਪੰਜਾਬ ਵਿਚ ਵੀ ਅਤਿਚੌਕਸੀ ਵਰਤਣ ਲਈ ਆਦੇਸ਼ ਦਿੱਤੇ ਗਏ। ਪਹਿਲਾ ਬੰਬ ਧਮਾਕਾ ਲਿਬਰਟੀ ਸਿਨੇਮਾ ਘਰ (ਕੇਂਦਰੀ ਦਿੱਲੀ) ਵਿਖੇ ਹੋਇਆ ਅਤੇ ਥੋੜ੍ਹੇ ਸਮੇਂ ਬਾਅਦ ਪੱਛਮੀ ਦਿੱਲੀ 'ਚ ਸਥਿਤ ਸਤਿਅਮ ਕੰਪਲੈਕਸ ਵਿਚ ਹੋਇਆ। ਪਹਿਲਾ ਬੰਬ ਧਮਾਕਾ ਲਿਬਰਟੀ ਸਿਨੇਮਾ 'ਚ ਰਾਤੀਂ ੮.੨੫ ਵਜੇ ਹੋਇਆ ਜਿਸ ਵਿਚ ਇਕ ਦੀ ਮੌਤ ਹੋ ਗਈ ਤੇ ੪੫ ਹੋਰ ਜ਼ਖਮੀ ਹੋ ਗਏ। ਇਥੇ ਬੰਬ ਨੂੰ ਸਿਨੇਮਾ ਘਰ ਦੀਆਂ ਅਗਲੀਆਂ ਸੀਟਾਂ ਦੀ ਪੰਜਵੀਂ ਕਤਾਰ ਵਿਚ ਰੱਖਿਆ ਗਿਆ ਸੀ। ਜ਼ਖਮੀਆਂ ਨੂੰ ਤੁਰੰਤ ਰਾਮ ਮਨੋਹਰ ਲੋਹੀਆ ਅਤੇ ਹੋਰਨਾਂ ਹਸਪਤਾਲਾਂ ਵਿਚ ਦਾਖਲ ਕਰਵਾਇਆ ਗਿਆ। ਇਕ ਜ਼ਖਮੀ ਵਿਅਕਤੀ ਦੀ ਪਛਾਣ ਸੀਤਾ ਰਾਮ ਵਜੋਂ ਹੋਈ। ਜਦ ਕਿ ਦੂਸਰਾ ਬੰਬ ਧਮਾਕਾ ਵੀ ਇਸੇ ਇਲਾਕੇ ਵਿਚ ਸਥਿਤ ਸਤਿਅਮ ਸਿਨੇਮਾ ਹਾਲ ਵਿਚ ਕੁਝ ਮਿੰਟ ਬਾਅਦ ਵਾਪਰਿਆ ਜਿਸ ਵਿਚ ੧੦ ਲੋਕ ਜ਼ਖਮੀ ਹੋ ਗਏ ਸਨ।

ਲਿਬਰਟੀ ਸਿਨੇਮਾ ਹਾਲ 'ਚ ਬੰਬ ਧਮਾਕੇ ਕਾਰਨ ਜ਼ਖਮੀ ਹੋਏ ੭ ਵਿਅਕਤੀਆਂ ਨੂੰ ਤੁਰੰਤ ਹਸਪਤਾਲ ਦਾਖਲ ਕਰਵਾ ਦਿੱਤਾ ਗਿਆ ਜਦ ਕਿ ਦੂਸਰੇ ਸਿਨੇਮਾ ਹਾਲ ਵਿਚ ਜ਼ਖਮੀ ਹੋਏ ਅੱਧੀ ਦਰਜਨ ਵਿਅਕਤੀਆਂ ਨੂੰ ਵੀ ਹਸਪਤਾਲ ਦਾਖਲ ਕਰਵਾਇਆ ਗਿਆ ਸੀ। ਧਮਾਕੇ ਦੀ ਖਬਰ ਮਿਲਦਿਆਂ ਹੀ ਆਸਪਾਸ ਦੇ ਇਲਾਕਿਆਂ 'ਚ ਤੁਰੰਤ ਚੌਕਸੀ ਵਰਤਦਿਆਂ ਦੂਸਰੇ ਸਿਨੇਮਾ ਘਰਾਂ ਨੂੰ ਵੀ ਖਾਲੀ ਕਰਵਾ ਦਿੱਤਾ ਗਿਆ। ਧਮਾਕੇ ਕਾਰਨ ਜ਼ਖਮੀ ਹੋਏ ਇਕ ਵਿਅਕਤੀ ਦੇ ਦੋਵੇਂ ਪੈਰਾਂ ਨੂੰ ਅਲੱਗ ਕਰਨਾ ਪਿਆ। ਧਮਾਕੇ ਕਾਰਨ ਵਿਸ਼ਵ ਭਰ ਵਿਚ ਹਾਹਾਕਾਰ ਮੱਚ ਗਈ।

ਪ੍ਰਾਪਤ ਵੇਰਵਿਆਂ ਅਨੁਸਾਰ ਸਿਨੇਮਾ ਘਰਾਂ ਵਿਚ ਧਮਾਕੇ ਕਰਨ ਲਈ ਦੇਸੀ ਬੰਬਾਂ ਦੀ ਵਰਤੋਂ ਕੀਤੀ ਗਈ ਸੀ। ਅੱਖੀਂ ਵੇਖਣ ਵਾਲਿਆਂ ਅਨੁਸਾਰ ਬੰਬ ਧਮਾਕੇ ਦੀ ਘਟਨਾ ਪਿੱਛੋਂ ਲੋਕ ਇਕਦਮ ਸੁਰੱਖਿਅਤ ਥਾਵਾਂ ਵੱਲ ਭੱਜੇ ਅਤੇ ਪੁਲਿਸ ਐਂਬੂਲੈਂਸ ਅਤੇ ਅੱਗ ਬੁਝਾਊ ਦਲਾਂ ਦੀਆਂ ਗੱਡੀਆਂ ਤੁਰੰਤ ਘਟਨਾ ਸਥਾਨ ਵੱਲ ਦੌੜੀਆਂ। ਧਮਾਕੇ ਵਿਚ ਜ਼ਖਮੀ ਵਿਅਕਤੀਆਂ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ। ਧਮਾਕਿਆਂ ਕਾਰਨ ਇਕਦਮ ਹਫੜਾ-ਦਫੜੀ ਮਚ ਗਈ।ਸਿਨੇਮਾ ਘਰਾਂ ਵਿਚ ਧਮਾਕਿਆਂ ਕਾਰਨ ਪੂਰੀ ਦਿੱਲੀ ਹਿੱਲ ਗਈ ਅਤੇ ਲੋਕਾਂ ਵਿਚ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ।

ਨਵੀਂ ਦਿੱਲੀ ਦੇ ਸਿਨੇਮਿਆਂ 'ਚ ਬੰਬ ਧਮਾਕਿਆਂ ਦੇ ਮੱਦੇਨਜ਼ਰ ਮੁੰਬਈ ਪੁਲਿਸ ਨੇ ਉਨ੍ਹਾਂ ਸਿਨੇਮਿਆਂ ਵਿਚ ਸੁਰੱਖਿਆ ਦੇ ਪ੍ਰਬੰਧ ਕਰੜੇ ਕਰ ਦਿੱਤੇ, ਜਿਨ੍ਹਾਂ 'ਚ ਫ਼ਿਲਮ 'ਜੋ ਬੋਲੇ ਸੋ ਨਿਹਾਲ' ਦੇ ਸ਼ੋਅ ਚੱਲ ਰਹੇ ਸਨ। ਵਰਣਨਯੋਗ ਹੈ ਕਿ ਮੁੰਬਈ 'ਚ ੨੦ ਸਿਨੇਮਿਆਂ 'ਚ ਇਸ ਫ਼ਿਲਮ ਦਾ ਪ੍ਰ ਦਰਸ਼ਨ ਚੱਲ ਰਿਹਾ ਸੀ, ਜਿਨ੍ਹਾਂ ਵਿਚੋਂ ਕੁਝ ਇਕ ਵਿਚ ਭੰਨ੍ਹ-ਤੋੜ ਦਾ ਸਮਾਚਾਰ ਵੀ ਮਿਲਿਆ।

ਜ਼ਿਕਰਯੋਗ ਹੈ ਕਿ ਰਾਜਧਾਨੀ ਵਿਚ ੮ ਸਾਲਾਂ ਬਾਅਦ ਬੰਬ ਧਮਾਕਿਆਂ ਦੀ ਘਟਨਾ ਵਾਪਰੀ ਸੀ। ਇਸ ਤੋਂ ਪਹਿਲਾਂ ਰਾਜਧਾਨੀ ਵਿਚ ੧੯੯੮ ਵਿਚ ਬੰਬ ਧਮਾਕੇ ਦੀ ਘਟਨਾ ਵਾਪਰੀ ਸੀ।

ਰਾਜਧਾਨੀ ਦੇ ਸਿਨੇਮਾ ਘਰਾਂ ਵਿਚ ਬੰਬ ਧਮਾਕਿਆਂ ਦੀ ਵਾਪਰੀ ਘਟਨਾ ਤੋਂ ਬਾਅਦ ਹਰਿਆਣਾ, ਉੱਤਰ ਪ੍ਰਦੇਸ਼ ਅਤੇ ਮੁੰਬਈ ਵਿਚੋਂ ਅਤਿਚੌਕਸੀ ਵਰਤਣ ਦੇ ਆਦੇਸ਼ ਦਿੱਤੇ ਗਏ। ਮੁੰਬਈ, ਯੂ. ਪੀ. ਅਤੇ ਹੋਰਨਾਂ ਸੂਬਿਆਂ ਵਿਚ ਸਿਨੇਮਾ ਘਰਾਂ ਨੂੰ ਖਾਲੀ ਕਰਵਾਉਣ ਦੇ ਆਦੇਸ਼ ਦਿੱਤੇ ਸਨ।

੨੨ ਮਈ ਦੀ ਰਾਤ ਨੂੰ ਰਾਜਧਾਨੀ ਦੇ ਸਿਨੇਮਾ ਘਰਾਂ ਵਿਚ ਹੋਏ ਦੋ ਧਮਾਕਿਆਂ ਤੋਂ ਬਾਅਦ ੨੩ ਮਈ ਸਵੇਰੇ ਤੜਕੇ ਪੂਰਬੀ ਦਿੱਲੀ ਦੇ ਨੰਦ ਨਗਰੀ ਖੇਤਰ ਵਿਚ ਰੇਲਵੇ ਫਾਟਕ ਦੇ ਕੋਲ ਬੰਬ ਧਮਾਕਾ ਹੋਇਆ, ਜਿਸ ਵਿਚ ਰਾਧੇ ਸ਼ਾਮ ਨਾਂਅ ਦਾ ਇਕ ਵਿਅਕਤੀ ਜ਼ਖਮੀ ਹੋ ਗਿਆ। ਇਹ ਬੰਬ ਇਕ ਮਹਿਲਾ ਪਰਸ ਵਿਚ ਰੱਖਿਆ ਗਿਆ ਸੀ, ਜਿਉਂ ਹੀ ਰਾਧੇ ਸ਼ਾਮ

ਨੇ ਇਸ ਨੂੰ ਚੁੱਕਿਆ ਤਾਂ ਧਮਾਕਾ ਹੋ ਗਿਆ। ਇਸੇ ਦੌਰਾਨ ਪੈਦਾ ਹੋਈ ਸਥਿਤੀ ਨੂੰ ਵੇਖਦਿਆਂ ਪੱਛਮੀ ਬੰਗਾਲ, ਗੋਆ, ਹਿਮਾਚਲ ਪ੍ਰਦੇਸ਼, ਦਿੱਲੀ, ਕੋਲਕਾਤਾ, ਭੁਬਨੇਸ਼ਵਰ ਚੇਨਈ, ਬੰਗਲੌਰ, ਪੁਨੇ, ਕਾਨਪੁਰ, ਵਾਰਾਨਸੀ, ਦੇਹਰਾਦੂਨ, ਇੰਦੌਰ, ਅਹਿਮਦਾਬਾਦ ਅਤੇ ਲਖਨਊ ਵਿਚ ਅਤੇ ਹੋਰ ਰਾਜਾਂ 'ਚ ਫਿਲਮ ਵਿਖਾਉਣ 'ਤੇ ਰੋਕ ਲਾ ਦਿੱਤੀ ਗਈ। ਪਰ ਏ. ਐਨ. ਆਈ. ਅਨੁਸਾਰ ਸਮੁੱਚੇ ਦੇਸ਼ ਦੇ ਸਿਨੇਮਾਂ ਘਰਾਂ 'ਚ ਇਹ ਫਿਲਮ ਦਿਖਾਉਣ 'ਤੇ ਰੋਕ ਲਾ ਦਿੱਤੀ ਗਈ।ਲੇਕਿਨ ਦੂਜੇ ਪਾਸੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਫ਼ਿਲਮ 'ਤੇ ਰੋਕ ਲਾਉਣ ਤੋਂ ਨਾਂਹ ਕਰਦਿਆਂ ਮਾਮਲੇ ਦੀ ਸੁਣਵਾਈ ੭ ਜੁਲਾਈ 'ਤੇ ਪਾ ਦਿੱਤੀ ਸੀ। ੨ ਜੂਨ ਨੂੰ ਬੱਬਰ ਖਾਲਸਾ ਇੰ ਟਰਨੈਸ਼ਨਲ ਨਾਲ ਸੰ ਬੰ ਧਿਤ ਜਸਪਾਲ ਸਿੰਘ ਅਤੇ ਉਸ ਦੇ ਸਾਥੀ ਵਿਕਾਸ ਦੀ ਵੱਡੀ ਪੱਧਰ 'ਤੇ ਭਾਲ ਜਾਰੀ ਕੀਤੀ ਗਈ, ਜਦਕਿ ਬਲਵਿੰ ਦਰ ਸਿੰ ਘ ਪੁੱਤਰ ਕਸ਼ਮੀਰ ਸਿੰ ਘ (ਸਾਬਕਾ ਸਰਪੰ ਚ ਪਿੰਡ ਹਿਆਲਾ) ਅਤੇ ਜਗਨਨਾਥ ਯਾਦਵ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਪੁਲਿਸ ਦੇ ਵਿਸ਼ਸ਼ ਜਾਂਚ ਦਲ ਨੇ ਪੱਛਮੀ ਦਿੱਲੀ ਵਿਖੇ ਇੰ ਦਰਪੁਰੀ 'ਚ ਜਸਪਾਲ ਦੇ ਲੁਕਣ ਠਿਕਾਣ 'ਤੇ ਛਾਪਾ ਮਾਰ ਕੇ ਉਥੋਂ ਇਕ ਕਿਲੋ ਆਰ. ਡੀ. ਐਕਸ., ਇਕ ਟਾਈਮਰ ਅਤੇ ਇਕ ਡੈਟੋਨੇਟਰ ਬਰਾਮਦ ਕੀਤਾ।ਇਸ ਤੋਂ ਇਲਾਵਾ ਪਿੰ ਡ ਗਰਚਾ ਦੇ ਜਤਿੰ ਦਰ ਸਿੰ ਘ ਪੁੱਤਰ ਬਲਵੀਰ ਸਿੰ ਘ, ਪਿੰ ਡ ਸਿੰ ਬਲੀ ਜ਼ਿਲ੍ਹਾ ਹੁਸ਼ਿਆਰਪੁਰ ਦੇ ਵਾਸੀ ਕਮਲਜੀਤ ਕੌਰ ਪਤਨੀ ਅਵਤਾਰ ਸਿੰ ਘ, ਅਵਤਾਰ ਸਿੰ ਘ ਪੁੱਤਰ ਗਿਰਧਾਰਾ ਸਿੰ ਘ ਅਤੇ ਸੁਖਪਾਲ ਸਿੰ ਘ ਉਰਫ਼ ਬਿੱਟਾ ਪੁੱਤਰ ਹਰਦੀਪ ਸਿੰ ਘ, ਪਿੰ ਡ ਹਿਆਲਾ (ਨਵਾਂਸ਼ਹਿਰ) ਦੇ ਵਾਸੀ ਜਗਮੀਤ ਸਿੰ ਘ ਪੁੱਤਰ ਰਣਜੀਤ ਸਿੰ ਘ, ਝਲਵਣ ਸਿੰ ਘ ਤ ਨਿਰੰ ਜਣ ਸਿੰ ਘ ਨੂੰ ਪੁੱਛਗਿੱਛ ਲਈ ਪੁਲਿਸ ਨੇ ਹਿਰਾਸਤ 'ਚ ਲਿਆ ਹੈ। ਇਥ ਵਰਨਣਯੋਗ ਹੈ ਕਿ ਪਿੰ ਡ ਹਿਆਲਾ ਦੇ ਬਲਵਿੰ ਦਰ ਸਿੰ ਘ ਅਤੇ ਪਿੰ ਡ ਗਰਚਾ ਦੇ ਜਤਿੰ ਦਰ ਸਿੰ ਘ ਨੂੰ ਦਿੱਲੀ ਪੁਲਿਸ ਵੱਲੋਂ ਦਿੱਲੀ ਲਿਜਾਇਆ ਗਿਆ।

ਵਰਨਣਯੋਗ ਹੈ ਕਿ ੨੪ ਸਾਲਾ ਬਲਵਿੰ ਦਰ ਸਿੰ ਘ ਨੂੰ ਪੰ ਜਾਬ ਵਿਚ ਨਵਾਂਸ਼ਹਿਰ ਦੇ ਪਿੰ ਡ ਹਿਆਲਾ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ ਜਦ ਕਿ ਉਸ ਦੇ ਸਾਥੀ ਨੂੰ ਬਾਅਦ ਵਿਚ ਪੱਛਮੀ ਦਿੱਲੀ ਵਿਚ ਮਾਂਦੀਪੁਰ ਇਲਾਕੇ ਵਿਚੋਂ ਫੜਿਆ ਗਿਆ ਸੀ। ਪੁਲਿਸ ਅਨੁਸਾਰ ਉੱਤਮ ਨਗਰ ਵਿਖ ਸਥਿਤ ਜਗਨ ਨਾਥ ਦੇ ਘਰੋਂ ਇਕ ਕਿਲੋਗ੍ਰਾਮ ਆਰ. ਡੀ. ਐਕਸ., ੨.੯੪ ਲੱਖ ਰੁਪਏ ਦੀ ਨਕਦੀ ਅਤ ੨ ਕਿਲੋਗ੍ਰਾਮ ਸੋਨਾ ਫੜਿਆ ਗਿਆ ਸੀ। ਪੁਲਿਸ ਦਾ ਇਹ ਵੀ ਵਿਚਾਰ ਹੈ ਕਿ ਬੰ ਬ ਧਮਾਕਿਆਂ ਦੀ ਸਾਜ਼ਿਸ਼ ਪਿਛ ਪਾਕਿਸਤਾਨ ਦੀ ਖੁਫੀਆ ਏਜੰ ਸੀ ਆਈ. ਐਸ. ਆਈ. ਦਾ ਹੱਥ ਹੈ। ਵਰਨਣਯੋਗ ਹੈ ਕਿ ਇਹ ਧਮਾਕੇ ਉਨ੍ਹਾਂ ਦੋ ਸਿਨਮਾਂ ਘਰਾਂ ਵਿਚ ਕੀਤੇ ਗਏ ਸਨ ਜਿਨ੍ਹਾਂ ਵਿਚ ਵਿਵਾਦਗ੍ਰਸਤ ਫ਼ਿਲਮ 'ਜੋ ਬੋਲ ਸੋ ਨਿਹਾਲ' ਦਿਖਾਈ ਜਾ ਰਹੀ ਸੀ।

ਪੁਲਿਸ ਸੂਤਰਾਂ ਅਨੁਸਾਰ ਪਤਾ ਲੱਗਾ ਕਿ ਘਰ 'ਚੋਂ ਇਕ ੩੦੩ ਰਾਇਫਲ, ੨੦ ਕਾਰਤੂਸ ਅਤ ਹੋਰ ਗੋਲੀ-ਸਿੱਕੇ ਤੋਂ ਇਲਾਵਾ ਇਕ ਸਿਪਾਹੀ ਦੀ ਵਰਦੀ ਤੇ ਕਈ ਹੋਰ ਨਕਲੀ ਡਰਾਈਵਿੰ ਗ ਲਾਇਸੈਂਸ ਫੜੇ ਗਏ ਹਨ। ਪੁਲਿਸ ਵੱਲੋਂ ਮੰ ਨਿਆ ਜਾ ਰਿਹਾ ਸੀ ਕਿ ਦਿੱਲੀ ਬੰ ਬ ਧਮਾਕਿਆਂ ਪਿੱਛ ਜਸਪਾਲ ਸਿੰ ਘ ਦਾ ਹੀ ਦਿਮਾਗ ਕੰ ਮ ਕਰ ਰਿਹਾ ਸੀ। ਪੁਲਿਸ ਜਸਪਾਲ ਸਿੰ ਘ ਦੇ ਸਾਥੀ ਵਿਕਾਸ ਨੂੰ ਫੜਨ ਲਈ ਦਿੱਲੀ ਤੇ ਹੋਰਨਾਂ ਰਾਜਾਂ 'ਚ ਛਾਪੇ ਮਾਰ ਰਹੀ ਹੈ। ਪੁਲਿਸ ਨੇ ਦੱਸਿਆ ਕਿ ਬੰ ਬ ਧਮਾਕੇ ਕਰਨ ਦੇ ਲਈ ਖਾੜਕੂ ਦਿੱਲੀ ਦੇ ਲਿਬਰਟੀ ਸਿਨਮੇ 'ਚ ਟਾਟਾ ਸਿਆਰਾ ਗੱਡੀ ਰਾਹੀਂ ਇੰ ਦਰਪੁਰੀ ਵਾਲੇ ਟਿਕਾਣ ਤੋਂ ਹੀ ਗਏ ਸਨ। ਖਾੜਕੂਆਂ ਨੇ ਪਹਿਲਾਂ ਬੰ ਬ ਦੇ ਸਾਰ ਅੰ ਸ਼ ਹਾਲ 'ਚ ਪਹੁੰ ਚਾਏ ਤੇ ਫਿਰ ਪਖਾਨੇ 'ਚ ਜੋੜ ਕੇ ਉਸ ਨੂੰ ਪਹਿਲੀ ਕਤਾਰ ਦੀ ਇਕ ਕੁਰਸੀ ਹੇਠ ਰੱਖ ਦਿੱਤਾ ਸੀ ਤੇ ਫਿਰ ਦੋਸ਼ੀਆਂ ੩ ਕਿਲੋਮੀਟਰ ਦੂਰ ਜਾ ਕੇ ਸਤਿਅਮ ਮਲਟੀਪਲੈਕਸ ਸਿਨਮੇ ਦੇ ਪਖਾਨੇ 'ਚ ਬੰ ਬ ਰੱਖਿਆ ਸੀ।

ਜਦ ਕਿ ਬੰ ਬ ਧਮਾਕਿਆਂ ਦਾ ਇਕ ਹੋਰ ਕਥਿਤ ਦੋਸ਼ੀ ਜਸਪਾਲ ਸਿੰ ਘ ਉਰਫ਼ ਰਾਜਾ ਵਾਸੀ ਸਿੰ ਬਲੀ ਤਹਿਸੀਲ ਗੜ੍ਹਸ਼ੰ ਕਰ (ਹੁਸ਼ਿਆਰਪੁਰ) ਪੁਲਿਸ ਦੇ ਕਾਬੂ ਨਹੀਂ ਆ ਸਕਿਆ। ਦਿੱਲੀ ਪੁਲਿਸ ਦੇ ਕਰੀਬ ੨੫੩੦ ਹਥਿਆਰਬੰ ਦ ਮੁਲਾਜ਼ਮਾਂ ਨੇ ਬੰ ਬ ਧਮਾਕਿਆਂ ਦੇ ਕਥਿਤ ਦੋਸ਼ੀ ਜਸਪਾਲ ਸਿੰ ਘ ਉਰਫ਼ ਰਾਜਾ ਦ ਘਰ ਪਿੰ ਡ ਸਿੰ ਬਲੀ ਵਿਖ ਤੜਕ ਕਰੀਬ ੨ ਵਜੇ ਛਾਪਾ ਮਾਰਿਆ।

ਪੁਲਿਸ ਸਿਵਲ ਵਰਦੀਆਂ ਵਿਚ ਸੀ। ਪੁਲਿਸ ਨੂੰ ਸੂਹ ਮਿਲੀ ਸੀ ਕਿ ਜਸਪਾਲ ਸਿੰ ਘ ਉਰਫ਼ ਰਾਜਾ ਅੱਜ ਸਿੰ ਬਲੀ ਵਿਖੇ ਆਪਣੇ ਘਰ ਹੈ। ਪੁਲਿਸ ਨੇ ਘਰ ਦੀ ਚਾਰਦੀਵਾਰੀ ਦੀਆਂ ਕੰ ਧਾਂ ਟੱਪ ਕੇ ਦਰਵਾਜ਼ਾ ਖੋਲ੍ਹਣ ਲਈ ਆਖਿਆ। ਜਦੋਂ ਜਸਪਾਲ ਸਿੰ ਘ ਉਰਫ਼ ਰਾਜਾ ਦੇ ਪਿਤਾ ਹਰਦੀਪ ਸਿੰ ਘ ਵੱਲੋਂ ਕੁੰ ਡਾ ਨਾ ਖੋਲ੍ਹਿਆ ਗਿਆ ਤਾਂ ਪੁਲਿਸ ਮੁਲਾਜ਼ਮ ਦਰਵਾਜ਼ਾ ਤੋੜ ਕੇ ਅੰ ਦਰ ਦਾਖ਼ਲ ਹੋ ਗਏ। ਪੁਲਿਸ ਮੁਲਾਜ਼ਮਾਂ ਵੱਲੋਂ ਘਰ ਦੀ ਪੂਰੀ ਤਰ੍ਹਾਂ ਫਰੋਲਾਫਰਾਲੀ ਕੀਤੀ ਗਈ ਅਤੇ ਆਪਣੀ ਪੂਰੀ ਕਾਰਵਾਈ ਦੌਰਾਨ ਕਿਸ ਨੂੰ ਵੀ ਲਾਗੇ ਫਟਕਣ ਨਹੀਂ ਦਿੱਤਾ।

ਇਸ ਉਪਰੰ ਤ ਪੁਲਿਸ ਮੁਲਾਜ਼ਮ ਹਰਦੀਪ ਸਿੰ ਘ ਨੂੰ ਗੱਡੀ 'ਚ ਸੁੱਟ ਕੇ ਲੈ ਗਏ ਅਤੇ ਪਿੰ ਡ ਸਿੰ ਬਲੀ 'ਚ ਇਹ ਰੌਲਾ ਪੈ ਗਿਆ ਕਿ ਹਰਦੀਪ ਸਿੰ ਘ ਨੂੰ ਕੋਈ ਹਿੰ ਦੀ ਬੋਲਦੇ ਵਿਅਕਤੀ ਅਗ਼ਵਾ ਕਰਕੇ ਲੈ ਗਏ ਜਿਸ ਦੀ ਖ਼ਬਰ ਮਿਲਦੇ ਸਾਰ ਹੀ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਜ਼ਿਲ੍ਹਾ ਨਵਾਂਸ਼ਹਿਰ 'ਚ ਪੁਲਿਸ ਵੱਲੋਂ ਰੈੱਡ ਅਲਰਟ ਕਰ ਦਿੱਤਾ ਗਿਆ। ਦੋਵਾਂ ਜ਼ਿਲ੍ਹਿਆਂ ਦੀ ਪੁਲਿਸ ਨੂੰ ਅਸਲੀਅਤ ਦਾ ਉਦੋਂ ਪਤਾ ਲੱਗਾ ਜਦੋਂ ਦਿੱਲੀ ਪੁਲਿਸ ਨੇ ਬਲਵਿੰ ਦਰ ਸਿੰ ਘ ਹਿਆਲਾ ਅਤੇ ਜਤਿੰ ਦਰ ਸਿੰ ਘ ਗਰਚਾ ਨੂੰ ਗ੍ਰਿਫ਼ਤਾਰ ਕਰਨ ਲਈ ਥਾਣਾ ਸਦਰ ਦੀ ਪੁਲਿਸ ਕੋਲੋਂ ਮਦਦ ਮੰ ਗੀ ਜਿਸ ਉਪਰੰ ਤ ਪੁਲਿਸ ਨੇ ਸਾਂਝੀ ਕਾਰਵਾਈ ਕਰਦਿਆਂ ਬਲਵਿੰ ਦਰ ਸਿੰ ਘ ਅਤੇ ਜਤਿੰ ਦਰ ਸਿੰ ਘ ਨੂੰ ਪਿੰ ਡ ਹਿਆਲਾ ਵਿਖ ਬਲਵਿੰ ਦਰ ਸਿੰ ਘ ਦ ਘਰੋਂ ਫੜ੍ਹ ਲਿਆ । ਜਸਪਾਲ ਸਿੰ ਘ ਉਰਫ਼ ਰਾਜਾ ਦੇ ਪਿਤਾ ਸ: ਹਰਦੀਪ ਸਿੰ ਘ ਜੋ ਕਿ ਫ਼ਗਵਾੜਾ ਵਿਖੇ ਬਿਜਲੀ ਮੁਲਾਜ਼ਮ ਹਨ, ਨੂੰ ਪੁਲਿਸ ਵੱਲੋਂ ਦੁਪਹਿਰ ੧੨ ਵਜੇ ਦੇ ਕਰੀਬ ਛੱਡ ਦਿੱਤਾ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਸ: ਹਰਦੀਪ ਸਿੰ ਘ ਨੇ ਦੱਸਿਆ ਕਿ ਦਿੱਲੀ ਪੁਲਿਸ ਉਸ ਕੋਲੋਂ ਉਸ ਦੇ ਲੜਕੇ ਜਸਪਾਲ ਸਿੰ ਘ ਉਰਫ਼ ਰਾਜਾ ਬਾਰੇ ਪੁੱਛਗਿੱਛ ਕਰ ਰਹੀ ਸੀ। ਉਸ ਨੇ ਦੱਸਿਆ ਕਿ ਉਸ ਦਾ ਲੜਕਾ ਜਸਪਾਲ ਸਿੰ ਘ ਪਿਛਲੇ ੩ ਸਾਲ ਤੋਂ ਆਸਟਰੀਆ ਵਿਖੇ ਰਹਿ ਰਿਹਾ ਹੈ ਜੋ ਕਿ ਇਕ ਸਾਲ ਪਹਿਲਾਂ ਇਕ ਮਹੀਨੇ ਲਈ ਪਿੰ ਡ ਸਿੰ ਬਲੀ ਆਇਆ ਸੀ। ਉਸ ਤੋਂ ਬਾਅਦ ਉਹ ਮੁੜ ਸਿੰ ਬਲੀ ਨਹੀਂ ਆਇਆ। ਜਦੋਂ ਪੱਤਰਕਾਰਾਂ ਨੇ ਪਿੰ ਡ ਹਿਆਲਾ ਵਿਖੇ ਜਾ ਕੇ ਬਲਵਿੰ ਦਰ ਸਿੰ ਘ ਦੇ ਪਿਤਾ ਕਸ਼ਮੀਰ ਸਿੰ ਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਉਸ ਦਾ ਲੜਕਾ ਮਹੀਨਾ ਕੁ ਪਹਿਲਾਂ ਕੁਝ ਦੇਸ਼ਾਂ ਦੀ ਸੈਰ ਕਰਨ ਗਿਆ ਸੀ ਜੋ ੨੯ ਮਈ ਨੂੰ ਵਾਪਸ ਆਪਣੇ ਘਰ ਪਹੁੰ ਚਿਆ। ਉਸ ਨੇ ਦੱਸਿਆ ਕਿ ਜਤਿੰ ਦਰ ਸਿੰ ਘ ਵਾਸੀ ਗਰਚਾ ਰਾਤ ਬਲਵਿੰ ਦਰ ਸਿੰ ਘ ਕੋਲ ਉਸ ਦੇ ਘਰ ਸੁੱਤਾ ਪਿਆ ਸੀ। ਅੱਜ ਤੜਕੇ ਕਰੀਬ ੪.੩੦ ਵਜੇ ਪੁਲਿਸ ਦੋਵਾਂ ਨੂੰ ਚੁੱਕ ਕੇ ਲੈ ਗਈ ਪਰ ਪੁਲਿਸ ਵੱਲੋਂ ਉਨ੍ਹਾਂ ਨੂੰ ਲਿਜਾਣ ਦਾ ਕੋਈ ਕਾਰਨ ਨਹੀਂ ਦੱਸਿਆ ਗਿਆ। ਪਿੰ ਡ ਗਰਚਾ ਦੇ ਜਤਿੰ ਦਰ ਸਿੰ ਘ ਦੇ ਪਿਤਾ ਬਲਬੀਰ ਸਿੰ ਘ ਨੇ ਦੱਸਿਆ ਕਿ ਉਸ ਨੂੰ ਅੱਜ ਸਵਰ ਪਤਾ ਲੱਗਾ ਕਿ ਜਤਿੰ ਦਰ ਸਿੰ ਘ ਨੂੰ ਪੁਲਿਸ ਨੇ ਫੜ ਲਿਆ ਹੈ ਪਰ ਪੁਲਿਸ ਇਸ ਦਾ ਕਾਰਨ ਨਹੀਂ ਦੱਸ ਰਹੀ। ਜ਼ਿਲ੍ਹਾ ਨਵਾਂਸ਼ਹਿਰ ਦੇ ਐਸ. ਐਸ. ਪੀ. ਸ੍ਰੀ ਅਰੁਣਪਾਲ ਸਿੰ ਘ ਨੇ ਸੰ ਪਰਕ ਕਰਨ 'ਤੇ ਦੱਸਿਆ ਕਿ ਅੱਜ ਤੜਕੇ ਦਿੱਲੀ ਪੁਲਿਸ ਨੇ ਨਵਾਂਸ਼ਹਿਰ ਪੁਲਿਸ ਦੇ ਸਾਂਝ ਯਤਨਾਂ ਨਾਲ ਨਵਾਂਸ਼ਹਿਰ ਦੇ ਪਿੰ ਡ ਹਿਆਲਾ ਵਿਖੇ ਛਾਪਾ ਮਾਰ ਕੇ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ ਜਦ ਕਿ ਦੂਸਰੇ ਨੂੰ ਪੁੱਛਗਿੱਛ ਲਈ ਹਿਰਾਸਤ ਵਿਚ ਲਿਆ ਹੈ। ਉਨ੍ਹਾਂ ਦੱਸਿਆ ਕਿ ਦਿੱਲੀ ਪੁਲਿਸ ਪਾਰਟੀ ਉਕਤ ਦੋਵਾਂ

ਵਿਅਕਤੀਆਂ ਨੂੰ ਆਪਣੇ ਨਾਲ ਦਿੱਲੀ ਲੈ ਗਈ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿਅਕਤੀਆਂ ਦੇ ਕਿਸ ਵੀ ਅੱਤਵਾਦੀ ਜਥਬੰ ਦੀ ਨਾਲ ਸੰ ਬੰ ਧ ਹੋਣ ਜਾਂ ਨਾ ਹੋਣ ਬਾਰੇ ਪੁਲਿਸ ਜਾਂਚ ਤੋਂ ਬਾਅਦ ਹੀ ਪਤਾ ਲੱਗ ਸਕਗਾ। ਦਿੱਲੀ ਪੁਲਿਸ ਦੇ ਸੂਤਰਾਂ ਅਨੁਸਾਰ ਦਿੱਲੀ ਬੰ ਬ ਕਾਂਡ ਦੇ ੪ ਕਥਿਤ ਦੋਸ਼ੀਆਂ ਦਾ ਪਤਾ ਲੱਗ ਚੁੱਕਾ ਹੈ ਜਿਨ੍ਹਾਂ ਵਿਚੋਂ ਵਿਕਾਸ ਵਾਸੀ ਦਿੱਲੀ ਅਤ ਜਸਪਾਲ ਸਿੰ ਘ ਉਰਫ਼ ਰਾਜਾ ਵਾਸੀ ਸਿੰ ਬਲੀ (ਹੁਸ਼ਿਆਰਪੁਰ) ਪੁਲਿਸ ਤੋਂ ਬਚੇ ਹੋਏ ਹਨ ਜਦ ਕਿ ਉਨ੍ਹਾਂ ਦੀ ਭਾਲ 'ਚ ਛਾਪ ਮਾਰ ਜਾ ਰਹੇ ਹਨ।

ਪੁਲਿਸ ਬੁਲਾਰੇ ਨੇ ਦੱਸਿਆ ਕਿ ਦੋਵਾਂ ਦੋਸ਼ੀਆਂ ਨੇ ਮੁਢਲੀ ਤਫਤੀਸ਼ ਦੌਰਾਨ ਦੋਵਾਂ ਬੰ ਬ ਧਮਾਕਿਆਂ ਵਿਚ ਆਪਣਾ ਹੱਥ ਹੋਣਾ ਕਬੂਲ ਲਿਆ ਹੈ ਅਤੇ ਇਸ ਕਾਂਡ ਦੀ ਵਿਉਂਤਬੰ ਦੀ ਬਾਰੇ ਵੀ ਪੁਲਿਸ ਨੂੰ ਦੱਸ ਦਿੱਤਾ ਹੈ। ਉਨ੍ਹਾਂ ਵੱਲੋਂ ਇਸ ਕੰ ਮ ਲਈ ਵਰਤੀ ਗਈ ਟਾਟਾ ਸਿਆਰਾ ਗੱਡੀ (ਨੰ: ਡੀ. ਐਲ.੯ ਸੀ. ਏ. ੬੯੫੬) ਵੀ ਪੁਲਿਸ ਨੇ ਕਬਜ਼ੇ ਵਿਚ ਲੈ ਲਈ ਹੈ। ਬੁਲਾਰੇ ਨੇ ਦੱਸਿਆ ਕਿ ਮੁਢਲੀ ਤਫਤੀਸ਼ ਤੋਂ ਪਤਾ ਲੱਗਾ ਹੈ ਕਿ ਇਹ ਧਮਾਕੇ ਪਾਕਿਸਤਾਨ ਵਿਚ ਰਹਿ ਰਹੇ ਬੱਬਰ ਖਾਲਸਾ ਇੰ ਟਰਨੈਸ਼ਨਲ ਦੇ ਮੁਖੀ ਵਧਾਵਾ ਸਿੰ ਘ ਵੱਲੋਂ ਇਨ੍ਹਾਂ ਦੋਸ਼ੀਆਂ ਰਾਹੀਂ ਕਰਵਾਏ ਗਏ। ਪੰ ਜਾਬ ਦੇ ਇਹ ਦੋਵੇਂ ਮੁਲਜ਼ਮ ਐਸ਼ਪ੍ਰਸਤੀ ਵਾਲੀ ਜ਼ਿੰ ਦਗੀ ਜੀਅ ਰਹੇ ਸਨ ਅਤੇ ਆਪਣੇ ਮਨਪ੍ਰਚਾਵੇ ਲਈ ਬੈਂਕਾਕ ਅਤੇ ਦੁਬਈ ਦੇ ਦੌਰ ਵੀ ਕਰਦੇ ਰਹੇ ਹਨ। ਉਕਤ ਕਥਿਤ ਦੋਸ਼ੀਆਂ ਵਿਰੁੱਧ ਥਾਣਾ ਰਾਹੋਂ ਵਿਚ ਪੁਲਿਸ ਨੇ ਮੁਕੱਦਮਾ ਨੰਬਰ ੪੩੦/੫ ਅਧੀਨ ਧਾਰਾ ੪-੫ ਵਿਸਫੋਟਕ ਸਮੱਗਰੀ ਐਕਟ ਤਹਿਤ ਮਾਮਲਾ ਦਰਜ ਕੀਤਾ ਸੀ। ਕਥਿਤ ਦੋਸ਼ੀਆਂ ਬਹਾਦਰ ਸਿੰਘ ਪੁੱਤਰ ਹਰਦਿਆਲ ਸਿੰਘ ਅਤੇ ਗੁਰਦੀਪ ਸਿੰਘ ਉਰਫ਼ ਕਾਕਾ ਪੁੱਤਰ ਸੁਰਿੰਦਰ ਸਿੰਘ ਵਾਸੀਅਨ ਪਿੰਡ ਮੱਲਪੁਰ ਥਾਣਾ ਰਾਹੋਂ (ਨਵਾਂਸ਼ਹਿਰ) ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿਚੋਂ ਇਕ ਕਿਲੋ ਆਰ. ਡੀ. ਐਕਸ. ੧੧ ਡੈਟੋਨੇਟਰ ਅਤੇ ਹੋਰ ਧਮਾਕਾਖੇਜ਼ ਸਮੱਗਰੀ ਬ੍ਰਾਮਦ ਕੀਤੀ ਗਈ ਹੈ।

ਉਕਤ ਵਿਸਫੋਟਿਕ ਉਨ੍ਹਾਂ ਨੇ ਖੇਤਾਂ ਵਿਚ ਸਥਿਤ ਮੋਟਰ ਵਾਲੇ ਕਮਰੇ ਵਿਚ ਸਪੀਕਰ ਵਿਚ ਲੁਕੋ ਕੇ ਰੱਖੇ ਹੋਏ ਸਨ। ਸ: ਗਿੱਲ ਨੇ ਕਿਹਾ ਕਿ ਇਹ ਫਿਸਫੋਟਕ ਉਨ੍ਹਾਂ ਵਿਸਫੋਟਕਾਂ ਦਾ ਹਿੱਸਾ ਹਨ ਜੋ ਕਿ ਦਿੱਲੀ ਦੇ ਸਿਨੇਮਿਆਂ ਵਿਚ ਧਮਾਕੇ ਕਾਰਨ ਲਈ ਇਸਤੇਮਾਲ ਕੀਤੇ ਗਏ ਸਨ। ਉਨ੍ਹਾਂ ਅੱਗੇ ਦੱ ਸਿਆ ਕਿ ਜਸਪਾਲ ਸਿੰਘ ਰਾਜਾ ਜੋ ਕਿ ਫਰਾਰ ਹੈ ਇਸ ਗਰੁੱਪ ਦਾ ਮੁਖੀ ਸੀ ਜੋ ਕਿ ਬੇਰੁਜ਼ਗਾਰ ਅਤੇ ਅਪਰਾਧੀ ਬਿਰਤੀ ਦੇ ਨੌਜਵਾਨਾਂ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਆਪਣੇ ਗਰੁੱਪ ਵਿਚ ਸ਼ਾਮਿਲ ਕਰ ਲੈਂਦਾ ਸੀ ਅਤੇ ਆਪਣੇ ਉਨ੍ਹਾਂ ਨੂੰ ਬੈਂਕਾਕ ਵਰਗੇ ਸ਼ਹਿਰਾਂ ਵਿਚ ਲਿਜਾ ਕੇ ਐਸ਼ ਕਰਵਾਉਂਦਾ ਸੀ। ਫੜਿਆ ਗਿਆ ਬਹਾਦਰ ਸਿੰਘ ਕੰਪਿਊਟਰ ਸਿੱ ਖਿਆ ਪ੍ਰਾਪਤ ਕਰ ਰਿਹਾ ਸੀ।

ਜਦ ਕਿ ਗੁਰਦੀਪ ਸਿੰਘ ਵੀ ਵਿਹਲਾ ਹੀ ਸੀ ਸ: ਗਿੱਲ ਨੇ ਕਿਹਾ ਕਿ ਜਸਪਾਲ ਸਿੰਘ ਦੀ ਭਾਲ ਕੀਤੀ ਜਾ ਰਹੀ ਹੈ ਅਤੇ ਉਸ ਨੂੰ ਵੀ ਛੇਤੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਥਾਣਾ ਰਾਹੋਂ ਵਿਚ ਦੋਵਾਂ ਕਥਿਤ ਦੋਸ਼ੀਆਂ ਦੇ ਖਿਲਾਫ਼ ਵਿਸਫੋਟਕ ਸਮੱਗਰੀ ਐਕਟ ਦੀ ਧਾਰਾ ੪-੫ ਦੇ ਤਹਿਤਮੁਕੱਦਮਾ ਨੰਬਰ ੪੩/੦੫ ਦਰਜ ਕੀਤਾ ਗਿਆ ਹੈ।

ਇਸੇ ਦੌਰਾਨ ਇਨ੍ਹਾਂ ਬੰਬ ਧਮਾਕਿਆਂ ਦੇ ਮੁੱਖ ਦੋਸ਼ੀ ਜਸਪਾਲ ਸਿੰਘ ਦੀਆਂ ਤਸਵੀਰਾਂ ਪੰਜਾਬ ਭਰ ਦੇ ਥਾਣਿਆਂ ਨੂੰ ਭੇਜ ਦਿੱਤੀਆਂ ਗਈਆਂ ਅਤੇ ਛਾਪੇ ਮਾਰੀ ਤੇਜ਼ ਕਰ ਦਿੱਤੀ ਗਈ ਹੈ।

੨੩ ਮਈ ਨੂੰ ਰਾਜਧਾਨੀ ਦਿੱਲੀ ਵਿਚੋਂ ਲਸ਼ਕਰ-ਏ-ਤੋਇਬਾ ਦਾ ਇਕ ਅੱਤਵਾਦੀ ਮੁਹੰ ਮਦ ਇਰਸ਼ਾਦ ਨੂੰ ਸਫਦਰਜੰ ਗ ਇਲਾਕੇ ਵਿਚੋਂ ਫੜ ਜਾਣ ਦਾ ਸਮਾਚਾਰ ਮਿਲਿਆ।

੨੩ ਮਈ ਨੂੰ ਵਿਵਾਦਗ੍ਰਸਤ ਫਿਲਮ 'ਜੋ ਬੋਲ ਸੋ ਨਿਹਾਲ' ਦੇ ਸ਼ੋਅ ਦੌਰਾਨ ਦਿੱਲੀ ਦੇ ਦੋ ਸਿਨਮਾ ਘਰਾਂ 'ਚ ਹੋਏ ਬੰ ਬ ਧਮਾਕ ਤੋਂ ਬਾਅਦ ਇਥੇ ਪੁਲਿਸ ਨੇ ਉਨ੍ਹਾਂ ਗਰਮ ਖਿਆਲੀ ਜਥਬੰ ਦੀਆਂ ਦੇ ਆਗੂਆਂ ਦੁਆਲੇ ਸ਼ਿਕੰ ਜਾ ਕਸਣਾ ਸ਼ੁਰੂ ਕਰ ਦਿੱਤਾ ਜੋ ਇਸ ਫਿਲਮ ਦਾ

ਵਿਰੋਧ ਕਰ ਰਹੀਆਂ ਸਨ। ਇਸ ਸਬੰ ਧ ਵਿਚ ਦਲ ਖਾਲਸਾ ਦੇ ਆਗੂ ਸ: ਕੰ ਵਰਪਾਲ ਸਿੰ ਘ ਦੇ ਘਰ ਪੁਲਿਸ ਵੱਲੋਂ ਛਾਪੇ ਮਾਰੇ ਜਾਣ ਦੇ ਵਰਵੇ ਮਿਲੇ ਹਨ।
ਪੁਲਿਸ ਦੀਆਂ ਕਾਰਵਾਈਆਂ ਢੇਰ ਚਿਰ ਤੱਕ ਜਾਰੀ ਰਹਿਣਗੀਆਂ ਤੇ ਅਜੇ ਪਤਾ ਨਹੀਂ ਕਿੰਨੇ ਕੁ ਨੌਜਵਾਨਾਂ ਨੇ ਆਟੇ ਨਾਲ ਲੱਗੇ ਪੜੇਥਣ ਵਾਂਗ ਦਰੜੇ ਜਾਣਾ ਹੈ?
ਇਸ ਤੋਂ ਪਹਿਲਾਂ ਕਿ ਫਿਲਮ ਪ੍ਰਤਿ ਉੱਠੇ ਇਤਰਾਜ਼ਾਂ ਦੀ ਫਰਿਸ਼ਤ ਬਣਾਈਏ ਅਤੇ ਉਹਨਾਂ ਨੂੰ ਘੋਖੀਏ। ਆਉ ਪਹਿਲਾ ਫਿਲਮ ਅਤੇ ਉਸ ਨਾਲ ਜੁੜੇ ਕੁਝ ਪੱਖਾਂ ਬਾਰੇ ਕੁਝ ਵਿਚਾਰ ਕਰੀਏ:-
ਇਸ ਫਿਲਮ ਨਾਲ ਜੁੜੀਆਂ ਹਸਤੀਆਂ ਅਤੇ ਉਹਨਾਂ ਦੇ ਕਾਰਜ ਹੇਠ ਲਿਖੇ ਪ੍ਰਕਾਰ ਹਨ:-
ਨਿਰਮਾਤਾ: ਬਬਲੂ ਅਤੇ ਐਨ ਆਰ ਪਚੀਸੀਆ
ਨਿਰਦੇਸ਼ਕ: ਰਾਹੁਲ ਰਵੇਲ
ਮੁੱਖ ਸਿਤਾਰੇ: ਸੰਨੀ ਦਿਉਲ, ਸ਼ੀਲਪੀ ਸ਼ਰਮਾ(ਮੁਧਗਲ), ਕਮਾਲ ਖਾਨ, ਨੂਪਰ ਮਹਿਤਾ, ਆਰੂਨ ਬਖਸ਼ੀ, ਸੁਰੇਖਾ ਸਿਕਰੀ ਅਤੇ ਯੂ ਐਸ ਨਿਵਾਸੀ ਅਮੈਰਿਕਨ ਇੰਡਅਨ ਐਕਟਰ ਥੌਮਸ ਓਮਰ ਟਿਵਾਣਾ
ਗੀਤਕਾਰ: ਦੇਵ ਕੋਹਲੀ
ਸੰਗੀਤਕਾਰ: ਆਨੰਦ ਰਾਜ ਆਨੰਦ
ਪਿੱਠਵਰਤੀ ਗਾਇਕ: ਸੁਖਵਿੰਦਰ ਸਿੰਘ, ਜਸਪਿੰਦਰ ਨਰੂਲਾ, ਅਲਕਾ ਯਾਗਨਿਕ, ਸੁਨਿੰਧੀ ਚੌਹਾਨ, ਉਦਿਤ ਨਰਾਇਣ
ਇਥੇ ਵਰਣਨਯੋਗ ਹੈ ਕਿ ਫਿਲਮ ਨਾਲ ਜੁੜੇ ਬਹੁਤੇ ਬੰਦੇ ਪੰਜਾਬੀ ਹਨ ਜਿਵੇਂ ਕਿ ਸੰਨੀ ਦਿਉਲ, ਦੇਵ ਕੋਹਲੀ (ਜੋ ਦਸਤਾਰਧਾਰੀ ਹਨ), ਆਨੰਦ ਰਾਜ ਆਨੰਦ, ਸੁਖਵਿੰਦਰ ਸਿੰਘ, ਜਸਪਿੰਦਰ ਨਰੂਲਾ ਆਦਿ।
ਆਉ ਹੁਣ ਕੁਝ ਫਿਲਮ ਦੀ ਕਹਾਣੀ ਅਤੇ ਉਸਦੇ ਤਕਨੀਕੀ ਪੱਖਾਂ 'ਤੇ ਨਿਗਾਹ ਮਾਰੀਏ:-
ਇਸ ਫਿਲਮ ਵਿਚ ਮੁੱਖ ਪਾਤਰ ਨਿਹਾਲ ਸਿੰਘ (ਸੰਨੀ ਦਿਉਲ ਉਰਫ ਅਜੇ ਸਿੰਘ ਦਿਉਲ, ਜੋ ਕਿ ਪ੍ਰਸਿੱਧ ਅਦਾਕਾਰ ਧਰਮਿੰਦਰ ਅਤੇ ਪ੍ਰਕਾਸ਼ ਕੌਰ ਦਾ ਪੁੱਤਰ ਹੈ ਤੇ ਜਿਸਦੇ ਦਾਦਕੇ ਸਾਹਨੇਵਾਲ, ਜ਼ਿਲਾ ਲੁਧਿਆਣਾ ਅਤੇ ਨਾਨਕੇ ਬਨਭੌਰੇ, ਜ਼ਿਲ੍ਹਾ ਸੰਗਰੂਰ ਹਨ) ਹੈ, ਜੋ ਪੰਜਾਬ ਪੁਲਸ ਵਿਚ ਨੌਕਰੀ ਕਰਨ ਦੇ ਬਾਵਜੂਦ ਵੀ ਬਹੁਤ ਭੋਲਾ ਅਤੇ ਰਹਿਮ ਦਿਲ ਹੈ। ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਉਹ ਰਿਸ਼ਵਤਖੋਰ ਨਹੀਂ ਹੈ ਤੇ ਵਾਹਿਗੁਰੂ 'ਤੇ ਭਰੋਸਾ ਰੱਖਦਾ ਤੇ ਉਸਦਾ ਭਾਣਾ ਮੰਨਣ ਵਾਲਾ ਇੰਨਸਾਨ ਹੈ।ਉਹ ਕਿਸੇ ਸਰਹੱਦੀ ਪਿੰਡ ਵਿਚ ਨੌਕਰੀ ਕਰਦਾ ਹੈ।
ਫਿਲਮ ਦਾ ਖਲਨਾਇਕ ਰੋਮੀਓ (ਕਮਾਲ ਖਾਨ- 'ਓ ਓ ਜਾਨੇ ਜਾਨਾ' ਗੀਤ ਨਾਲ ਚਰਚਿਤ ਹੋਣ ਵਾਲਾ ਬ੍ਰਿਟਿਸ਼ ਏਸ਼ੀਅਨ ਗਾਇਕ ਅਤੇ ਸਵ: ਮਹਿਮੂਦ ਦਾ ਪੁੱਤਰ) ਅੱਤਵਾਦੀ ਗੁੱਟ ਨਾਲ ਜੁੜਿਆ ਹੁੰਦਾ ਹੈ ਤੇ ਕੱਟੜ ਇਸਾਈ ਹੁੰਦਾ ਹੈ। ਉਹ ਨਿਰੰਤਰ ਗੁਨਾਹ ਕਰਨ ਦਾ ਆਦੀ ਹੈ ਤੇ ਹਰ ਐਤਵਾਰ ਪਾਦਰੀ ਕੋਲ ਚਰਚ ਜਾ ਕੇ ਆਪਣੇ ਗੁਨਾਹਾਂ ਦਾ ਇਕਬਾਲ ਕਰਕੇ ਪ੍ਰਮਾਤਮਾ ਤੋਂ ਆਪਣੀਆਂ ਭੁੱਲਾਂ ਬਖਸ਼ਾਉਂਦਾ ਹੈ। ਪਟਕਥਾਕਾਰ ਨੇ ਬੜ੍ਹੀ ਚਲਾਕੀ ਨਾਲ ਖਲਨਾਇਕ ਨੂੰ ਇਸਾਈ ਦਿਖਾ ਕੇ ਅਸਪਸ਼ਟ ਰੂਪ ਵਿਚ ਅੱਤਵਾਦੀਆਂ ਵੱਲ ਸਾਫ ਅਤੇ ਸਪੱਸ਼ਟ ਇਸ਼ਾਰਾ ਕਰ ਦਿੱਤਾ ਹੈ।ਰੋਮਿਓ ਬੰਬ ਧਮਾਕਿਆਂ ਦੀਆਂ ਅਤਿਸੰਗੀਨ ਵਾਰਦਾਤਾਂ ਕਰਦਾ ਕਰਦਾ ਨਿਹਾਲ ਸਿੰਘ ਨੂੰ ਆ ਟੱਕਰਦਾ ਹੈ ਤੇ ਨਿਹਾਲ ਸਿੰਘ ਉਸ ਨੂੰ ਮਾਮੂਲੀ ਜਿਹੇ ਜ਼ੁਰਮ ਅਧੀਨ ਗ੍ਰਿਫਤਾਰ ਕਰ ਲੈਂਦਾ ਹੈ। ਲੇਕਿਨ ਰੋਮਿਓ ਚਲਾਕੀ ਨਾਲ ਨਿਹਾਲ ਸਿੰਘ ਨੂੰ ਬੁੱਧੂ ਬਣਾ ਕੇ ਵਾਹਗਾ ਬਾਰਡਰ ਪਾਰ ਕਰ ਜਾਂਦਾ ਹੈ। ਰੋਮਿਓ ਤੋਂ ਰਿਸ਼ਵਤ ਲੈ ਕੇ ਉਸ ਨੂੰ ਫਰਾਰ ਕਰਾਉਣ ਦੇ ਇਲਜ਼ਾਮ ਵਿਚ ਨਿਹਾਲ ਸਿੰਘ ਨੂੰ ਨੌਕਰੀ ਤੋਂ ਮੁਅੱਤਲ ਕਰ ਦਿੱਤਾ ਜਾਂਦਾ ਹੈ। ਜਿਸ ਦੇ ਫਲਸਰੂਪ ਲੋਕ ਨਿਹਾਲ ਸਿੰਘ ਨੂੰ ਗਦਾਰ

ਹੋਣ ਦਾ ਫਤਵਾ ਸੁਣਾ ਦਿੰਦੇ ਅਤੇ ਉਸ ਦੇ ਪਰਿਵਾਰ ਦਾ ਬਾਈਕਾਟ ਕਰ ਦਿੰਦੇ ਹਨ। ਨਿਹਾਲ ਸਿੰਘ ਦੇ ਪਿਉ ਤੋਂ ਸਰਪੰਚੀ ਵੀ ਜ਼ਬਰਦਸਤੀ ਖੋਹ ਲਈ ਜਾਂਦੀ ਹੈ। ਇਥੇ ਹੀ ਬਸ ਨਹੀਂ ਉਸ ਦੀ ਭੈਣ ਦਾ ਰਿਸ਼ਤਾ ਵੀ ਟੁੱਟ ਜਾਂਦਾ ਹੈ। ਜਾਣੀ ਕਿ ਨਿਹਾਲ ਸਿੰਘ ਅਤੇ ਉਸ ਦੇ ਪਰਿਵਾਰ ਉੱਤੇ ਦੁੱਖਾਂ ਦੇ ਪਹਾੜ ਟੁੱਟ ਪੈਂਦੇ ਹਨ।

ਨਿਤਾਣੇ ਹੋਏ ਨਿਹਾਲ ਸਿੰਘ ਨੂੰ ਉਸ ਮਾਂ (ਸੁਰੇਖਾ ਸਿਕਰੀ) ਹੌਂਸਲਾ ਦਿੰਦੀ ਹੋਈ ਆਖਦੀ ਹੈ ਕਿ ਪੁੱਤ ਤੂੰ ਢੇਰੀਆਂ ਨਾ ਢਾਹ ਵਾਹਿਗੁਰੂ 'ਤੇ ਭਰੋਸਾ ਰੱਖ ਉਹ ਤੇਰੀ ਮਦਦ ਜ਼ਰੂਰ ਕਰੇਗਾ। ਨਿਹਾਲ ਸਿੰਘ ਪਰਿਵਾਰ ਸਮੇਤ ਗੁਰਦੁਆਰੇ ਜਾ ਕੇ ਅਰਦਾਸ ਕਰਦਾ ਹੈ ਤਾਂ ਐਨ ਉਸੇ ਵਕਤ ਇਲਾਕੇ ਐਸ. ਐਸ. ਪੀ.(ਸ਼ੲਨੌਰਿ ਸ਼ੁਪੲਰਦੲਨਟ ੋਡ ਫੋਲਚਿੲ) ਨਾਲ ਅਮਰੀਕਾ ਦੀ ਖੁਫੀਆ ਏਜੰਸੀ ਐਫ. ਬੀ. ਆਈ. (ਢੲਦੲਰੳਲ ਭੁਰੲੳੁ ਡ ੀਨਵੲਸਟਗਿੳਟੌਿਨ) ਦੇ ਅਫਸਰ ਨਾਲ ਆ ਪਹੁੰਚਦੇ ਹਨ। ਐਫ. ਬੀ. ਆਈ. ਨੂੰ ਇਹ ਸੂਹ ਮਿਲਦੀ ਹੈ ਕਿ ਅੱਤਵਾਦੀਆਂ ਦੇ ਇਸ਼ਾਰੇ ’ਤੇ ਰੋਮਿਓ ਅਮਰੀਕਾ ਦੇ ਰਾਸ਼ਟਰਪਤੀ ਦੀ ਹੱਤਿਆ ਕਰਨੀ ਚਾਹੁੰਦਾ ਹੈ। ਉਹ ਰੋਮੀਓ ਦਾ ਸੁਰਾਗ ਲਾਉਣਾ ਚਾਹੁੰਦੇ ਹੁੰਦੇ ਹਨ, ਪਰ ਰੋਮੀਓ ਦੀ ਸ਼ਕਲ ਤੋਂ ਨਾਵਾਕਿਫ ਹੁੰਦੇ ਹਨ। ਕੇਵਲ ਨਿਹਾਲ ਸਿੰਘ ਹੀ ਅਜਿਹਾ ਵਿਅਕਤੀ ਹੁੰਦਾ ਹੈ ਜਿਸਨੇ ਰੋਮਿਓ ਨੂੰ ਦੇਖਿਆ ਹੁੰਦਾ ਹੈ। ਐਫ. ਬੀ. ਆਈ. ਵਾਲੇ ਰੋਮੀਓ ਦਾ ਹੁਲੀਆ ਜਾਨਣਾ ਚਾਹੁੰਦੇ ਹੁੰਦੇ ਹਨ। ਪਰ ਨਿਹਾਲ ਸਿੰਘ ਰੋਮੀਓ ਨੂੰ ਪੰਜਾਬ ਲਿਆਕੇ ਆਪਣੇ ਪਿੰਡ ਵਾਲਿਆਂ ਨੂੰ ਆਪਣੇ ਨਿਰਦੋਸ਼ ਹੋਣ ਬਾਰੇ ਸਾਬਤ ਕਰਨਾ ਚਾਹੁੰਦਾ ਹੈ। ਥੋੜ੍ਹੀ ਬਹਿਸ ਤੋਂ ਬਾਅਦ ਐਫ. ਬੀ. ਆਈ. ਨੂੰ ਨਿਹਾਲ ਸਿੰਘ ਦੀ ਮੰਨਣੀ ਪੈਂਦੀ ਹੈ। ਅਮਰੀਕਾ ਪੁਹੰਚਣ 'ਤੇ ਐਫ. ਬੀ. ਆਈ. ਦੇ ਏਜੰਟਾਂ ਵਿਚੋਂ ਦੋ ਭਾਰਤੀ ਏਜੰਟ ਉਸ ਦੀ ਮਦਦ ਅਤੇ ਤਰਜੁਮਾ ਕਰਨ ਲਈ ਮੁਹੱਈਆ ਕੀਤੇ ਜਾਂਦੇ ਹਨ ਜਿਨ੍ਹਾਂ ਵਿਚੋਂ ਇਕ ਤਾਂ ਥੌਮਸ ਓਮਰ ਟਿਵਾਣਾ ਹੁੰਦਾ ਹੈ। ਦੂਜੀ ਸਤਵਿੰਦਰ ਕੌਰ ਉਰਫ ਸੂਜ਼ੈਨ (ਸ਼ੀਲਪੀ ਸ਼ਰਮਾ-ਸ਼ਿਲਪੀ ਸ਼ਰਮਾ ਦਾ ਨਾਂਅ ਆਮ ਫ਼ਿਲਮੀ ਦਰਸ਼ਕਾਂ ਨੂੰ ਭਾਵੇਂ ਨਵਾਂ ਲੱਗਾ ਹੋਵੇ ਪਰ ਹਕੀਕਤ ਇਹ ਹੈ ਕਿ ਐਨ. ਚੰਦਰਾ ਦੀ ਫ਼ਿਲਮ 'ਸਟਾਇਲ' ਰਾਹੀਂ ਸ਼ਿਲਪੀ ਫ਼ਿਲਮ ਇੰਡਸਟਰੀ ਵਿਚ ਕਦਮ ਰੱਖ ਚੁੱਕੀ ਸੀ। ਹਾਲਾਂਕਿ ਇਹ ਫ਼ਿਲਮ ਸ਼ਿਲਪੀ ਦਾ ਕੋਈ ਫਾਇਦਾ ਨਹੀਂ ਕਰ ਸਕੀ ਪਰ ਫਿਰ ਵੀ ਸ਼ਿਲਪੀ ਨੇ ਹਿੰਮਤ ਨਹੀਂ ਹਾਰੀ ਅਤੇ ਆਪਣਾ ਸੰਘਰਸ਼ ਜਾਰੀ ਰਖਿਆ। ਇਸ ਭੂਮਿਕਾ ਲਈ 'ਜੋ ਬੋਲੇ ਸੋ ਨਿਹਾਲ' ਦੇ ਨਿਰਦੇਸ਼ਕ ਰਾਹੁਲ ਰਵੇਲ ਨੇ ਤਕਰੀਬਨ 200 ਕੁੜੀਆਂ ਦਾ ਸਕਰੀਨ ਟੈਸਟ ਲਿਆ ਸੀ ਪਰ ਅਖੀਰ ਵਿਚ ਉਨ੍ਹਾਂ ਨੇ ਇਸ ਭੂਮਿਕਾ ਲਈ ਸ਼ਿਲਪੀ ਸ਼ਰਮਾ ਨੂੰ ਚੁਣ ਲਿਆ। ਸ਼ਿਲਪੀ ਦੱਖਣ ਭਾਰਤੀ ਫ਼ਿਲਮਾਂ ਵੀ ਕਰ ਚੁੱਕੀ ਹੈ ਅਤੇ ਹੁਣ ਹਿੰਦੀ ਫ਼ਿਲਮਾਂ ਵਿਚ ਨਾਂਅ ਅਤੇ ਨਾਵਾਂ ਕਮਾਉਣਾ ਚਾਹੁੰਦੀ ਹੈ।ਉਹ ਅਮੀਰ ਪਰਿਵਾਰ 'ਚੋਂ ਹੈ ਅਤੇ ਉਸ ਦਾ ਪਰਿਵਾਰ ਰਾਜਨੀਤੀ ਵਿਚ ਵੀ ਸਰਗਰਮ ਹੈ ।) ਹੁੰਦੀ ਹੈ। ਜਿਉ ਜਿਉ ਕਹਾਣੀ ਅਗਾਂਹ ਵਧਦੀ ਹੈ ਉਸ ਵਿਚ ਰੋਮੀਓ ਵਾਰਦਾਤਾਂ ਕਰਦਾ ਰਹਿੰਦਾ ਹੈ ਤੇ ਨਿਹਾਲ ਸਿੰਘ ਉਸਦੀ ਭਾਲ ਕਰਦਾ ਰਹਿੰਦਾ ਹੈ। ਇਸੇ ਸੰਘਰਸ਼ ਦੌਰਾਨ ਸੂਜ਼ੈਨ, ਨਿਹਾਲ ਸਿੰਘ ਦੀ ਸ਼ਖਸੀਅਤ ਤੋਂ ਪ੍ਰਭਾਵਿਤ ਹੋ ਜਾਂਦੀ ਹੈ ਤੇ ਉਸ ਨੂੰ ਪਿਆਰ ਕਰਨ ਲੱਗ ਜਾਂਦੀ ਹੈ।

ਅੰਤ ਵਿਚ ਨਿਹਾਲ ਸਿੰਘ ਕਰੜੇ ਸੰਘਰਸ਼ ਤੋਂ ਬਾਅਦ ਆਪਣੀ ਜਾਨ ਹੀਲ ਕੇ ਰੋਮੀਓ ਨੂੰ ਗ੍ਰਿਫਤਾਰ ਕਰਕੇ ਪੰਜਾਬ ਲੈ ਆਉਂਦਾ ਹੈ ਤੇ ਪਿੰਡ ਵਾਲਿਆਂ ਸਾਹਮਣੇ ਆਪਣੇ ਨਿਰਦੋਸ਼ ਹੋਣ ਦਾ ਸਬੂਤ ਦਿੰਦਾ ਹੈ। ਸੂਜ਼ੈਨ ਵੀ ਅਮਰੀਕਾ ਤੋਂ ਨਿਹਾਲ ਸਿੰਘ ਨਾਲ ਘਰ ਵਸਾਉਣ ਲਈ ਆ ਜਾਂਦੀ ਹੈ। ਨਿਹਾਲ ਸਿੰਘ ਨੂੰ ਉਸਦਾ ਗਵਾਚਿਆ ਹੋਇਆ ਮਾਣ ਸਨਮਾਨ ਅਤੇ ਨੌਕਰੀ ਮਿਲ ਜਾਂਦੀ ਹੈ ਤੇ ਐਫ ਬੀ ਵਾਲੇ ਰੋਮੀਓ ਨੂੰ ਲੈ ਜਾਂਦੇ ਹਨ।ਨਿਹਾਲ ਸਿੰਘ ਤੇ ਉਸਦਾ ਪਰਿਵਾਰ ਗੁਰਦੁਆਰੇ ਖੜ੍ਹਕੇ ਵਾਹਿਗੁਰੂ ਦਾ ਸ਼ੁਕਰਾਨਾ ਅਦਾ ਕਰਦੇ ਹੋਏ ਜੈਕਾਰਾ ਲਾਉਂਦੇ ਹਨ।

ਇਹ ਤਾਂ ਸੀ ਸੰਖੇਪ ਵਿਚ ਫਿਲਮ ਦੀ ਕਹਾਣੀ। ਆਉ ਹੁਣ ਸਿੱਖ ਜਥੇਬੰਦੀਆਂ ਵੱਲੋਂ ਉਠਾਏ ਗਏ ਇਤਰਾਜ਼ਾਂ ਨੂੰ ਜਾਣੀਏ, ਜੋ ਮੂਲ ਰੂਪ ਵਿਚ ਹੇਠ ਲਿਖੇ ਪ੍ਰਕਾਰ ਹਨ:-

੧) ਫਿਲਮ ਦਾ ਸਿਰਲੇਖ ਗੁਰਬਾਣੀ 'ਤੇ ਅਧਾਰਿਤ ਹੈ।'ਜੋ ਬੋਲੇ ਸੋ ਨਿਹਾਲ ਦਾ' ਇਹ ਜੈਕਾਰਾ ਗੁਰਦੁਆਰੇ ਤੋਂ ਬਾਹਰ ਨਹੀਂ ਵਰਤਿਆ ਜਾ ਸਕਦਾ।

੨) ਧਾਰਮਿਕ ਸਿਰਲੇਖ ਵਾਲੀ ਫਿਲਮ ਵਿਚ ਰੋਮਾਂਚਿਕ ਦ੍ਰਿਸ਼ ਹਨ।ਫਿਲਮ ਦਾ ਨਾਮ ਬਦਲਿਆ ਜਾਵੇ ਜਾਂ ਦ੍ਰਿਸ਼ ਕੱਢੇ ਜਾਣ।

੩) ਪੰਜਾਬ ਪੁਲਸ ਦੇ ਕਿਰਦਾਰ ਉੱਚਾ ਚੁੱਕਿਆ ਗਿਆ ਹੈ।ਜਦ ਕਿ ਪੰਜਾਬ ਪੁਲਿਸ ਜ਼ਾਲਮ ਅਤੇ ਅਤਿਆਚਾਰੀ ਹੈ।

੪) ਸਿੱਖ ਨੂੰ ਸ਼ਰਾਬ ਪੀਂਦਿਆਂ ਦਿਖਾਇਆ ਗਿਆ ਹੈ।

ਇਹਨਾਂ ਉਪਰੋਕਤ ਨੁਕਤਿਆਂ ਨੂੰ ਅਧਾਰ ਬਣਾ ਕੇ ਸਿੱਖ ਜਥੇਬੰਦੀਆਂ ਨੇ ਇਹ ਬਿਆਨ ਦਿੱਤਾ ਹੈ ਕਿ ਇਸ ਨਾਲ ਸਿੱਖਾਂ ਦੀ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ।

ਸਭ ਤੋਂ ਪਹਿਲਾਂ ਤਾਂ ਪਹਿਲੇ ਨੁਕਤੇ ਨੂੰ ਵਿਚਾਰੀਏ। 'ਜੋ ਬੋਲੇ ਸੋ ਨਿਹਾਲ' ਇਕ ਜੈਕਾਰਾ ਹੈ ਜੋ ਕਿ ਚੜ੍ਹਦੀ ਕਲਾ ਦਾ ਬੋਲਾ ਹੈ ਤੇ ਸਿੰਘਾਂ ਵੱਲੋਂ ਸਿੱਖ ਧਰਮ ਉਪਮਾ ਕਰਨ, ਸ਼ਰਧਾ ਬਰਕਰਾਰ ਰੱਖਣ ਅਤੇ ਜੰਗਾਂ ਯੁੱਧਾਂ ਵਿਚ ਲੜਦੇ ਸਮੇਂ ਅਤੇ ਜ਼ੁਲਮ ਦਾ ਟਾਕਰਾ ਕਰਦਿਆਂ ਹਿੰਤਮ, ਹੌਂਸਲੇ ਬਲੁੰਦ ਕਰਨ ਅਤੇ ਸਾਥੀਆਂ ਵਿਚ ਸ਼ਕਤੀ ਭਰਨ ਲਈ ਇਸਤੇਮਾਲ ਕੀਤਾ ਜਾਂਦਾ ਸੀ ਤੇ ਕੀਤਾ ਜਾਂਦਾ ਹੈ। ਵਰਣਨਯੋਗ ਹੈ ਕਿ ਅਕਸਰ ਜਾਲੂਸ ਜਲਸਿਆਂ ਅਤੇ ਨਗਰ ਕੀਰਤਨਾਂ ਦੌਰਾਨ ਵੀ ਇਹ ਜੈਕਾਰਾ ਗੁੰਜਾਇਆ ਜਾਂਦਾ ਹੈ। ੧੨ ਜੂਨ ਨੂੰ ਲੰਡਨ ਵਿਖੇ ਹੋ ਰਹੇ ਮੁਜ਼ਾਹਰੇ ਵਿਚ ਵੀ ਇਹ ਜੈਕਾਰੇ ਗੁੰਜਦੇ ਸੁਣੇ ਜਾ ਸਕਣਗੇ। ਸੋ ਮੈਂ ਇਸ ਗੱਲ ਨਾਲ ਬਿਲਕੁਲ ਸਹਿਮਤ ਨਹੀਂ ਹਾਂ ਕਿ ਫਿਲਮ ਦਾ ਸਿਰਲੇਖ 'ਜੋ ਬੋਲੇ ਸੋ ਨਿਹਾਲ' ਰੱਖ ਕੇ ਨਿਰਮਾਤਾ ਨੇ ਗੁਨਾਹ-ਏ-ਅਜ਼ੀਮ ਕਰ ਦਿੱਤਾ ਹੈ। ਸਾਰੀ ਫਿਲਮ ਹੀ ਸਿੱਖ ਫਲਾਸਫੀ 'ਤੇ ਅਧਾਰਤ ਹੈ। ਅਸੀਂ ਅਕਸਰ ਆਖਦੇ ਹਾਂ ਕਿ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ॥' ਇਹ ਫਿਲਮ ਇਸ ਗੱਲ ਨੂੰ ਸਾਬਤ ਕਰਦੀ ਕਿ ਵਾਹਿਗੁਰੂ ਆਪਣੇ ਸ਼ਰਧਾਵਾਨ ਸਿੱਖ ਦੀ ਮਦਦ ਕਰਦਾ ਹੈ। ਸਾਰੀ ਫਿਲਮ ਦਾ ਤਾਣਾ ਪੇਟਾ ਹੀ 'ਜੋ ਬੋਲੇ ਸੋ ਨਿਹਾਲ' ਦੇ ਜੈਕਾਰੇ ਦੇ ਇਰਦ-ਗਿਰਦ ਵਲਿਆ ਹੋਇਆ ਹੈ। ਇਸ ਵਿਚ ਫੇਰ ਬਦਲ ਕਰਨ ਨਾਲ ਫਿਲਮ ਦਾ ਉਹ ਪ੍ਰਭਾਵ ਹੀ ਨਹੀਂ ਰਹਿਣਾ, ਜੋ ਹੁਣ ਹੈ। 'ਜੋ ਬੋਲੇ ਸੋ ਨਿਹਾਲ' ਉਚਾਰਣ ਨਾਲ ਸਿੱਖੀ ਨੂੰ ਢਾਹ ਨਹੀਂ ਲਗਦੀ ਬਲਕਿ ਸਿੱਖ ਦਾ ਪਰਚਮ ਬੁਲੰਦ ਲਹਿਰਾਉਂਦਾ ਹੈ। ਇਥੇ ਮੈਂ ਇਕ ਨਿੱਕੀ ਜਿਹੀ ਮਿਸਾਲ ਦੇਣੀ ਚਾਹਾਂਗਾ। ਜ਼ਰ੍ਹਾ ਫਰਜ਼ ਕਰਕੇ ਦੇਖੋ ਕਿ ਜੇਕਰ ਪ੍ਰਯੋਗ ਦੇ ਤੌਰ 'ਤੇ ਫਿਲਮ ਨਿਰਮਾਤਾ 'ਜੋ ਬੋਲੇ ਸੋ ਨਿਹਾਲ' ਦੀ ਥਾਂ 'ਤੇ 'ਅੱਲਾ ਹੂ ਅਕਬਰ' ਕਹਾ ਦਿੰਦੇ ਤੇ ਫਿਲਮ ਦੇ ਨਾਇਕ ਨੂੰ ਮੁਸਲਮਾਨ ਬਣਾ ਦਿੰਦੇ। ਯਕੀਨ ਮੁਸਲਮਾਨਾਂ ਨੇ ਨਾ ਤਾਂ ਕੋਈ ਇਤਰਾਜ਼ ਕਰਨਾ ਸੀ। ਸਗੋਂ ਫਿਲਮ ਨੂੰ ਹਿੱਟ ਵੀ ਕਰਵਾਉਣਾ ਸੀ। ਹੁਣ ਜ਼ਰਾ ਫਿਲਮ ਦੇਖਣ ਜਾਉ ਤੇ ਜਿਥੇ ਨਾਇਕ 'ਜੋ ਬੋਲੇ ਸੋ ਨਿਹਾਲ' ਦਾ ਜੈਕਾਰਾ ਛੱਡਦਾ ਉਥੇ ਇਹ ਸਮਝ ਲੈਣਾ ਕਿ ਉਹ 'ਅੱਲਾ ਹੂ ਅਕਬਰ' ਆਖ ਰਿਹਾ ਹੈ। ਤੇ ਜਿਥੇ ਪੱਗ ਬੰਨ੍ਹੀ ਹੈ ਉਥੇ ਮੰਨ ਲੈਣਾ ਕਿ ਉਸਦੇ ਇਲਸਾਮੀ ਟੋਪੀ ਲਈ ਹੈ ਤੇ ਉਹ ਇਸਲਾਮ ਦਾ ਪੈਰੋਕਾਰ ਹੈ। ਫਿਰ ਨਿਰਣਾ ਕਰਨਾ ਕਿ ਜੇਕਰ ਕੋਈ ਮੁਸਲਮਾਨ ਇਹ ਫਿਲਮ ਉਸੇ ਰੂਪ ਵਿਚ ਦੇਖ ਰਿਹਾ ਹੋਵੇ ਜਿਵੇਂ ਕਿ ਆਪਾਂ ਕਾਲਪਨਿਕ ਤਬਦੀਲੀਆਂ ਕੀਤੀਆਂ ਹਨ, ਕੀ ਉਸ ਮੁਸਲਮਾਨ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਲੱਗੇਗੀ? ਯਕੀਨਨ ਤੁਹਾਡਾ ਉੱਤਰ ਨਾਂਹ ਵਿਚ ਹੋਵੇਗਾ! ਤੁਹਾਨੂੰ ਖੁਦ ਬਾਖੁਦ ਜਵਾਬ ਮਿਲ ਜਾਵੇਗਾ।

ਫਿਲਮ ਵਿਚ ਇਕ ਸੀਨ ਆਉਂਦਾ ਹੈ ਜਦੋਂ ਖਲਨਾਇਕ ਨੇ ਸਿੱਖ ਦਾ ਭੇਸ ਧਾਰਿਆ ਹੁੰਦਾ ਹੈ। ਉਸ ਨੂੰ ਉਸਦੇ ਦੁਸ਼ਮਣ ਮਾਰ ਰਹੇ ਹੁੰਦੇ ਹਨ ਤੇ ਨਾਇਕ ਆ ਕੇ ਉਸਦੀ ਰੱਖਿਆ

ਕਰਦਾ ਹੈ ਤੇ ਖਲਨਾਇਕ ਨੂੰ ਦੱਸਦਾ ਹੈ ਕਿ ਉਸ ਨੇ ਉਸ ਨੂੰ ਪਹਿਚਾਣ ਲਿਆ ਹੈ ਕਿ ਉਹ ਅਸਲੀ ਸਿੱਖ ਨਹੀਂ ਕਿਉਂਕਿ ਉਹ 'ਜੋ ਬੋਲੇ ਸੋ ਨਿਹਾਲ' ਦਾ ਜਵਾਬ 'ਸਤਿ ਸ੍ਰੀ ਅਕਾਲ' ਵਿਚ ਨਹੀਂ ਦਿੰਦਾ!

ਦੂਜਾ ਗੰਭੀਰ ਦੋਸ਼ ਇਹ ਲਗਾਇਆ ਜਾਂਦਾ ਹੈ ਕਿ ਧਾਰਮਿਕ ਸਿਰਲੇਖ ਵਾਲੀ ਫਿਲਮ ਵਿਚ ਰੋਮਾਂਚਿਕ ਦ੍ਰਿਸ਼ ਹਨ।ਫਿਲਮ ਦਾ ਨਾਮ ਬਦਲਿਆ ਜਾਵੇ ਜਾਂ ਦ੍ਰਿਸ਼ ਕੱਢੇ ਜਾਣ। ਇਥੇ ਹੁਣ ਦੋ ਸਵਾਲ ਖੜ੍ਹੇ ਹੁੰਦੇ ਹਨ ਇਕ ਤਾਂ ਜੇ ਫਰਜ਼ ਕਰੋ ਸਿਰਲੇਖ ਬਦਲ ਦਿੱਤਾ ਜਾਂਦਾ ਹੈ। ਫਿਰ ਸੀਨ ਕੱਢਣ ਦਾ ਤਾਂ ਸਵਾਲ ਹੀ ਨਹੀਂ ਉੱਠਦਾ। ਕੋਈ ਹੋਰ ਸਿਰਲੇਖ ਰੱਖ ਕੇ ਤਾਂ ਭਲਾ ਉਸ ਵਿਚ ਹੋਰ ਸੀਨ ਜੋੜ ਦਿੱਤੇ ਜਾਣ। ਸਿਰਲੇਖ ਬਦਲਣ ਬਾਅਦ ਇਤਰਾਜ਼ ਕਿਵੇਂ ਉਠਾਇਆ ਜਾ ਸਕਦਾ ਹੈ?

ਦੁਸਰੀ ਗੱਲ ਕਿ ਧਾਰਮਿਕ ਸਿਰਲੇਖ ਵਰਤ ਕੇ ਰੋਮਾਂਚਕ ਸੀਨ ਪਾਏ ਗਏ ਹਨ।ਜਿੰਨਾ ਲੋਕਾਂ ਦਾ ਇਹ ਵਿਚਾਰ ਹੈ, ਮੇਰੇ ਅਨੁਸਾਰ ਉਹ ਜਾਂ ਤਾਂ ਬਹੁਤ ਹੀ ਸੌੜੀ ਸੋਚ ਦੇ ਮਾਲਕ, ਅਸਭਿਅਕ ਤੇ ਪਹੀਆ ਯੁੱਗੀ ਇੰਨਸਾਨ ਹਨ ਜਾਂ ਫਿਰ ਉਹ ਔਰੰਗਜ਼ੇਬ ਵਾਂਗ ਆਪਣੇ ਅੰਦਰ ਅੰਨੀ ਕੱਟੜਤਾ ਪਾਲੀ ਬੈਠੇ ਹਨ। ਭੁੱਲਣਾ ਨਹੀਂ ਚਾਹੀਦਾ ਕਿ ਸਿੱਖ ਦਾ ਅਰਥ ਸਿੱਖਿਆਰਥੀ ਹੁੰਦਾ ਹੈ।ਕੀ ਅਜੇ ਤੱਕ ਸਿੱਖ ਨੇ ਕੁਝ ਵੀ ਨਹੀਂ ਸਿੱਖਿਆ? ਕੀ ਸਿੱਖ ਅਜੇ ਵੀ ਅਸਭਿਅਕ ਹਨ?

ਸਿੱਖ ਧਰਮ ਤਾਂ ਗ੍ਰਹਿਸਤ ਮਾਰਗ ਨੂੰ ਉੱਚਤਮ ਮੰਨਦਾ ਅਤੇ ਪ੍ਰਧਾਨਤਾ ਦਿੰਦਾ ਹੈ।ਔਰਤ ਮਰਦ ਸੰਬੰਧ ਤਾਂ ਬਾਬਾ ਆਦਮ ਅਤੇ ਹਵਾ ਦੇ ਸਮੇਂ ਤੋਂ ਸ਼ੁਰੂ ਹੋਏ ਹਨ ਤੇ ਇਹ ਜੁਗਾਂ-ਜੁਗੰਤਰਾਂ ਤੱਕ ਰਹਿਣਗੇ। ਗੁਰਬਾਣੀ ਪੰਜ ਵਕਾਰਾਂ ਵਿਚੋਂ ਕਾਮ ਨੂੰ ਵੀ ਇਕ ਸ਼ਕਤੀ ਵਜੋਂ ਸਵਿਕਾਰਦੀ ਹੈ। ਕਾਮ ਇਕ ਐਸੀ ਦਿੱਬਯ ਤਾਕਤ ਹੈ ਜਿਸਤੋਂ ਰਿਸ਼ੀ-ਮੁੰਨੀ ਵੀ ਨਹੀਂ ਬਚ ਸਕੇ। ਇਕ ਨੌਜਵਾਨ ਮੁੰਡਾ ਇਕ ਕੁੜੀ ਦੇ ਕਰੀਬ ਹੁੰਦਾ ਹੈ ਤੇ ਉਨ੍ਹਾਂ ਦਰਮਿਆਨ ਸੰਬੰਧ ਬਣ ਜਾਂਦੇ ਹਨ ਤਾਂ ਇਸ ਨਾਲ ਕਿਤੇ ਕਿੰਨੀ ਕੁ ਆਫਤ ਆ ਜਾਂਦੀ ਹੈ।ਉਸ ਫਿਲਮ ਵਿਚ ਨਿਰਮਾਤਾ ਨੇ ਕਈ ਵਾਰ ਦਿਖਾਇਆ ਹੈ ਕਿ ਜਦੋਂ ਵੀ ਨਾਇਕਾ ਆਪਣੀ ਅਦਾ ਦਾ ਤੀਰ ਛੱਡਦੀ ਜਾਂ ਆ ਆਪਣੇ ਜਿਸਮ ਨੂੰ ਹਥਿਆਰ ਬਣਾ ਕੇ ਵਰਤਦੀ ਹੈ ਤਾਂ ਨਾਇਕ ਬੇਹੋਸ਼ ਹੋ ਜਾਂਦਾ ਹੈ। ਇਹ ਗੱਲ ਇਸ ਤੱਥ ਦਾ ਪ੍ਰਮਾਣ ਦਿੰਦੀ ਹੈ ਕਿ ਨਾਇਕ ਉੱਚੇ ਇਖਲਾਕ ਦਾ ਮਾਲਿਕ ਹੈ।

ਫਿਰ ਇਕ ਦ੍ਰਿਸ਼ ਆਉਂਦਾ ਹੈ ਜਿਸ ਨੂੰ ਫਿਲਮ ਵਿਚ ਫੇਡ ਕਰਕੇ ਸੰਕੇਤਕ ਤੌਰ ’ਤੇ ਦਰਸਾਇਆ ਗਿਆ ਹੈ ਕਿ ਨਾਇਕ ਅਤੇ ਨਾਇਕਾ ਦਰਮਿਆਨ ਜਿਨਸੀ ਸੰਬੰਧ ਬਣਦੇ ਹਨ। ਜੇ ਨਿਰਮਾਤਾ ਅਜਿਹਾ ਨਾ ਕਰਦਾ ਤਾਂ ਫਿਰ ਸਿੱਖ ਜਥੇਬੰਦੀਆਂ ਨੇ ਇਹ ਆਖਣਾ ਸੀ ਕਿ ਨਿਰਮਾਤਾ ਨੇ ਸਿੱਖਾਂ ਨੂੰ ਨਿਪੁੰਸਕ ਦਰਸਾਇਆ ਹੈ।

ਰੋਮਾਂਚ ਦ੍ਰਿਸ਼ ਕਹਾਣੀ ਦੀ ਮੰਗ ਹਨ, ਕਿਉਂਕਿ ਐਫ. ਬੀ. ਆਈ. ਨਿਹਾਲ ਸਿੰਘ ਨੂੰ ਆਪਣੇ ਢੰਗ ਨਾਲ ਵਰਤਣਾ ਚਾਹੁੰਦੀ ਹੈ ਤੇ ਇਸ ਲਈ ਉਹ ਆਪਣੀ ਏਜੰਟ ਨੂੰ ਨਿਹਾਲ ਸਿੰਘ ’ਤੇ ਆਪਣੇ ਹੁਸਨ ਦਾ ਜਾਦੂ ਚਲਾਉਣ ਲਈ ਵੀ ਹੁਕਮ ਦਿੰਦੇ ਹਨ।ਫਿਲਮ ਵਿਚ ਇਸ ਸੰਬੰਧੀ ਸੰਵਾਦ ਵੀ ਦਰਜ਼ ਹੈ, “ਓਵਣਨ ਟਰੋ੍ਰ ਚਹਓਰਮੋ ਨ ਹਮਿ.”

ਦੁਸਰਾ ਮੁੱਖ ਨਾਇਕਾ ਅਮਰੀਕਾ ਦੀ ਜੰਮਪਲ ਹੈ ਦੇ ਉਸ ਦਾ ਲਿਬਾਸ ਵੀ ਉਸੇ ਪ੍ਰਕਾਰ ਦਾ ਹੀ ਹੋਵੇਗਾ। ਇਹੀ ਗੱਲ ਦੂਜੀ ਸਹਾਇਕ ਨਾਇਕਾ ਲੀਸਾ (ਨੂਪਰ ਮਹਿਤਾ) ’ਤੇ ਵੀ ਲਾਗੂ ਹੁੰਦੀ ਹੈ। ਬੇਸ਼ਕ ਨੂਪਰ ਮਹਿਤਾ ਦੇ ਰੋਲ ਦੀ ਕੋਈ ਖਾਸ ਲੋੜ ਨਹੀਂ ਸੀ, ਪਰ ਫਿਰ ਵੀ ਉਸ ਦੀ ਭੂਮਿਕਾ ਕੇਵਲ ਅੰਗਪ੍ਰਦਰਸ਼ਨ ਕਰਵਾਉਣ ਲਈ ਹੀ ਫਿਲਮ ਵਿਚ ਪਾਈ ਗਈ ਹੈ, ਜੋ ਕਿ ਫਿਲਮ ਲਈ ਕਾਰੋਬਾਰੀ ਪੱਖ ਤੋਂ ਕਾਫੀ ਸਹਾਈ ਸਿੱਧ ਹੋਈ ਹੈ।

ਅਸੀਂ ਪੱਛਮ ਵਿਚ ਰਹਿ ਰਹੇ ਹਾਂ ਤੇ ਉਸ ਤੋਂ ਕਿਤੇ ਵੱਧ ਨੰਗੇਜ਼ ਹਰ ਰੋਜ਼ ਜਾਣੇ ਅਣਜਾਣੇ ਦੇਖਦੇ ਹਾਂ। ਭਾਰਤ ਵਿਚ ਵੀ ਅੱਜਕੱਲ੍ਹ ਨੰਗੇਜ਼ਵਾਦ ਦਾ ਬੋਲਬਾਲਾ ਹੈ। ਭਾਵੇਂ

ਕਿ ਅਸੀਂ ਇਸ ਗੱਲ ਨੂੰ ਸਵਿਕਾਰੀਏ ਜਾਂ ਨਾ। ਕਬੂਤਰ ਦੇ ਅੱਖਾਂ ਮੀਚਣ ਨਾਲ ਬਿੱਲੀ ਉਸ ਨੂੰ ਛੱਡ ਨਹੀਂ ਦਿੰਦੀ। ਅਸੀਂ ਲੱਖ ਕੋਸ਼ਿਸ਼ ਕਰ ਲਈਏ ਨੰਗੇਜ਼ਵਾਦ ਦਿਨੋਂ-ਦਿਨ ਵਧੀ ਜਾਣਾ ਹੈ ਘਟਣਾ ਨਹੀਂ। ਆਹੀਸਤਾ- ਆਹੀਸਤਾ ਨੌਬਤ ਇਥੋਂ ਤੱਕ ਆ ਜਾਵੇਗੀ ਕਿ ਆਦਿ ਕਾਲ ਦੇ ਆਦਿ ਮਾਨਵਾਂ ਵਾਂਗ ਲੋਕ ਸ਼ਰੇਆਮ ਨੰਗ-ਧੜੰਗੇ ਫਿਰਿਆ ਕਰਨਗੇ! ਫਿਰ ਉਸ ਤੋਂ ਕਈ ਸਾਲ ਬਾਅਦ ਜਦ ਲੋਕ ਨੰਗੇਜ਼ਬਾਦ ਤੋਂ ਅੱਕ ਜਾਣਗੇ ਤਾਂ ਮੁੜ ਜਿਸਮ ਨੂੰ ਕੱਝਣ ਦੀ ਮੁਹਿੰਮ ਸ਼ੁਰੂ ਹੋਵੇਗੀ। ਪਰ ਅਫਸੋਸ ਦੀ ਗੱਲ ਤਾਂ ਇਹ ਹੈ ਕਿ ਹੁਣ ਅਸੀਂ ਨੰਗੇਜ਼ਵਾਦ ਨੂੰ ਨੱਥ ਨਹੀਂ ਪਾ ਸਕਦੇ। ਹੁਣ ਤਾਂ ਸਾਨੂੰ ਇਸ ਨੂੰ ਝੱਲਣਾ ਪਵੇਗਾ। ਚਾਹੇ ਰੋ ਕੇ ਝੱਲੀਏ ਚਾਹੇ ਹੱਸ ਕੇ।

ਨੁਕਤਾ ਨੰਬਰ ਤਿੰਨ ਇਹ ਹੈ ਕਿ ਫਿਲਮ ਵਿਚ ਪੰਜਾਬ ਪੁਲਸ ਦੇ ਕਿਰਦਾਰ ਨੂੰ ਉੱਚਾ ਚੁੱਕਿਆ ਗਿਆ ਹੈ। ਜਦ ਕਿ ਪੁਲਿਸ ਨੇ ਬਹੁਤ ਅਤਿਆਚਾਰ ਕੀਤੇ ਹਨ। ਕੀ ਪੰਜੇ ਉੱਗਲਾਂ ਇਕੋ ਜਿਹੀਆਂ ਹੁੰਦੀਆਂ ਹਨ? ਪੁਲਸ ਵਾਲੇ ਵੀ ਆਮ ਇੰਨਸਾਨ ਹੀ ਹਨ। ਭਾਵੇਂ ਬਹੁ-ਗਿਣਤੀ ਮਾੜੇ ਹੁੰਦੇ ਹਨ, ਪਰ ਇਸ ਮਹਿਕਮੇ ਵਿਚ ਚੰਗੇ ਬੰਦੇ ਵੀ ਹਨ। ਬਹੁਤ ਸਾਰੇ ਅਜਿਹੇ ਅਫਸਰਾਂ (ਸੰਤਰੀ ਤੋਂ ਡੀ ਆਈ ਜੀ ਰੈਂਕ ਤੱਕ) ਨੂੰ ਮੈਂ ਨਿੱਜੀ ਤੌਰ ’ਤੇ ਜਾਣਦਾ ਹਾਂ, ਜੋ ਚੰਗੇ ਸ਼ਬਦ ਦੀ ਉਪਾਦੀ ਦੇ ਹੱਕਦਾਰ ਹਨ।(ਵਰਣਨਯੋਗ ਹੈ ਕਿ ਇਹਨਾਂ ਸਤਰਾਂ ਦਾ ਲੇਖਕ ਖੁਦ ਵੀ ਪੰਜਾਬ ਪੁਲਸ ਦੇ ‘ਥਰਡ ਡਿਗਰੀ’ ਤਸ਼ੱਦਦ ਨੂੰ ਪਿੰਡੇ ’ਤੇ ਹੰਢਾਅ ਚੁੱਕਾ ਹੈ।)

ਮੇਰੇ ਮੁਜਬ ਇਸ ਇਤਰਾਜ਼ ਵਿਚ ਵੀ ਕੋਈ ਬਹੁਤਾ ਵਜਨ ਨਹੀਂ ਕਿ ਪੰਜਾਬ ਪੁਲਸ ਨੂੰ ਵਡਿਆ ਗਿਆ ਹੈ। ਮਜ਼ੇ ਦੀ ਗੱਲ ਤਾਂ ਇਹ ਹੈ ਕਿ ਸ਼ੁਰੂ ਤੋਂ ਅੰਤ ਤੱਕ ਤਾਂ ਨਿਹਾਲ ਸਿੰਘ ਨੌਕਰੀਉਂ ਮੁਅੱਤਲ ਰਹਿੰਦਾ ਹੈ। ਪੁਲਿਸ ਕਰਮਚਾਰੀ ਤਾਂ ਉਹ ਹੈ ਹੀ ਨਹੀਂ। ਨਾ ਹੀ ਉਹ ਆਪਣੇ ਮਹਿਕਮੇ ਲਈ ਮੁਜ਼ਰਮਾਂ ਨੂੰ ਫੜ੍ਹਨਾ ਚਾਹੁੰਦਾ ਹੈ। ਇਹ ਤਾਂ ਇਕ ਨਿੱਜੀ ਵਿਅਕਤੀ ਦੀ ਜੰਗ ਹੈ ਜੋ ਆਪਣੇ ਮੱਥੇ ’ਤੇ ਲੱਗੇ ਕਲੰਕ ਨੂੰ ਧੋਣਾ ਚਾਹੁੰਦਾ ਹੈ।

ਚੌਥਾ ਤੇ ਅਗਲਾ ਇਤਰਾਜ਼ ਹੈ ਕਿ ਸਿੱਖ ਨੂੰ ਸ਼ਰਾਬ ਪੀਂਦਿਆਂ ਦਿਖਾਇਆ ਗਿਆ ਹੈ। ਇਸ ਵਿਚ ਕੀ ਗਲਤ ਹੈ? ਜੇ ਜ਼ਿਆਦਾ ਨਹੀਂ ਤਾਂ ਘੱਟੋ-ਘੱਟ ੭੦ ਪ੍ਰਤੀਸ਼ਤ ਸਿੱਖ ਸ਼ਰਾਬ ਦਾ ਸੇਵਨ ਕਰਦੇ ਹਨ। ਵਰਣਨਯੋਗ ਹੈ ਕਿ ਪ੍ਰਸਿੱਧ ਲੇਖਕ ਖੁਸ਼ਵੰਤ ਸਿੰਘ ਹੈ। ਜਿਸ ਦੁਆਰਾ ਕਲਮਬਧ ਕੀਤੇ ਸਿੱਖ ਇਤਹਾਸ ਨੂੰ ਅੰਗਰੇਜ਼ੀ ਲੇਖਕ ਵੀ ਸੰਕੇਤ ਦੇਣ ਸਮੇਂ ਵਰਤਦੇ ਹਨ। ਖੁਸ਼ਵੰਤ ਸਿੰਘ ਇਕ ਸਿੱਖ ਹੈ ਤੇ ਉਹ ਰੋਜ਼ ਸ਼ਰਾਬ ਪੀਂਦਾ ਹੈ।ਸਵ: ਸੰਤ ਸਿੰਘ ਸੇਖੋਂ ਜੀ ਵੀ ਸਿੱਖ ਸਨ ਤੇ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਅਨੁਵਾਦ ਕਰਦੇ ਸਮੇਂ ਉਹ ਦੋ ਪੇਟੀਆਂ ਸ਼ਰਾਬ ਪੀ ਗਏ ਸਨ। ਮਹਾਂਰਾਜਾ ਰਣਜੀਤ ਸਿੰਘ ਇਕ ਸਿੱਖ ਸੀ ਤੇ ਇਤਹਾਸ ਗਵਾਹ ਹੈ ਉਹ ਮਹੀਨਾ ਮਹੀਨਾ ਲਾਹੌਰ ਦੀ ਹੀਰਾ ਮੰਡੀ ਵਿਚ ਮੋਰਾਂ ਨਾਚੀ ਦੇ ਕੋਠੇ ’ਤੇ ਪਿਆ ਸ਼ਰਾਬ ਪੀਂਦਾ ਰਹਿੰਦਾ ਹੁੰਦਾ ਸੀ। ਬ੍ਰਮਿੰਘਮ ਜਾਂ ਸਾਉਥਾਲ ਦੇ ਕਿਸੇ ਵੀ ਪੱਬ ਵਿਚ ਚਲੇ ਜਾਇਉ ਤੁਹਾਨੂੰ ਕੋਈ ਨਾ ਕੋਈ ਸਿੱਖ ਉਥੇ ਸ਼ਰਾਬ ਪੀਂਦਾ ਨਜ਼ਰ ਆ ਜਾਵੇਗਾ।

ਆਉ ਹੁਣ ਫਿਲਮ ਦੇ ਕੁਝ ਤਕਨੀਕੀ ਨੁਕਸ ਜਾਂ ਉਨ੍ਹਾਂ ਦ੍ਰਿਸ਼ਾਂ ਬਾਰੇ ਗੱਲ ਕਰੀਏ ਜੋ ਬੇਲੋੜੇ ਹਨ ਤੇ ਜਿਨ੍ਹਾਂ ਦੇ ਕੱਟਣ ਨਾਲ ਫਿਲਮ ’ਤੇ ਕੋਈ ਅਸਰ ਨਹੀਂ ਪੈਂਦਾ।:-

ਸੁਨਿੰਧੀ ਚੌਹਾਨ ਦੁਆਰਾ ਗਾਇਆ ਤੇ ਨੂਪਰ ਮਹਿਤਾ ਉੱਤੇ ਫਿਲਮਾਇਆ ਗੀਤ, ‘ਤੁਰ ਗਿਆ ਮਾਹੀ ਗੱਡੀ ਲੈ ਕੇ ਸਵੇਰ ਦੀ’। ਭਾਵੇਂ ਕਿ ਗੀਤ ਬਹੁਤ ਵਧੀਆ ਗਾਇਆ ਤੇ ਫਿਲਮਾਇਆ ਗਿਆ ਹੈ। ਨਿਰਸੰਦੇਹ ਇਹ ਗੀਤ ਫਿਲਮ ਨੂੰ ਚਾਰ ਚੰਨ ਲਾਉਂਦਾ ਹੈ। ਪਰ ਇਸ ਦੇ ਕੱਟਣ ਨਾਲ ਫਿਲਮ ਦੀ ਪਟਕਥਾ ’ਤੇ ਕੋਈ ਅਸਰ ਨਹੀਂ ਸੀ ਪੈਣਾ, ਉਹ ਮਹਿਜ਼ ਆਈਟਮ ਨੰਬਰ ਹੈ।

ਇਕ ਦ੍ਰਿਸ਼ ਵਿਚ  ਨਾਇਕ ਨਾਇਕਾ ਨੂੰ ਪੰਜਾਬੀ ਵਿਚ ਆਖਦਾ ਹੈ, 'ਹੋਰ ਕੀ ਹਾਲ ਐ?' ਤਾਂ ਅੱਗੋ ਉਹ ਸਮਝਦੀ ਹੈ ਕਿ ਉਸ ਨੇ ਉਸ ਨੂੰ ਂਹੋਰਣ (ਕੰਜਰੀ) ਕਹਿ ਕੇ ਸੰਬੋਧਨ ਕੀਤਾ ਹੈ। ਇਥੇ ਉਹ ਨਾਇਕ ਨੂੰ ਂਹੋਰਣ ਦੇ ਅਰਥ ਸਮਝਾਉਂਦੀ ਹੋਈ ਆਪਣਾ ਗਾਊਨ ਖੋਲ੍ਹ ਕੇ ਆਪਣੇ  ਪਹਿਨੇ ਹੋਏ ਅੰਦਰੂਨੀ ਵਸਤਰ ਦਿਖਾਉਂਦੀ ਹੈ। ਇਹ ਸੀਨ ਧੱਕੇ ਨਾਲ ਪਾਇਆ ਹੋਇਆ ਹੈ ਇਸ ਦੇ ਨਿਕਲਣ ਜਾਂ ਰਹਿਣ ਨਾਲ ਕੋਈ ਬਹੁਤਾ ਫਰਕ ਨਹੀਂ ਪੈਂਦਾ।

ਇਸ ਤੋਂ ਬਿਨਾ ਨਿਹਾਲ ਸਿੰਘ ਦੀ ਭੈਣ ਮਨਜੀਤ ਦਾ ਪਤੀ ਮੁਸਲਮਾਨ ਹੈ ਉਸ ਬਾਰੇ ਵੀ ਕੁਝ ਸਪਸ਼ਟ ਨਹੀਂ ਕੀਤਾ ਗਿਆ ਤੇ ਸਪਸ਼ਟ ਕਰਨ ਦੀ ਕੋਈ ਖਾਸ ਲੋੜ੍ਹ ਵੀ ਨਹੀਂ  ਹੈ। ਵਿਦੇਸ਼ਾਂ ਵਿਚ ਰਹਿਣ ਵਾਲਾ ਸਮਝਦਾਰ ਸਰੋਤਾ ਉਸ ਬਾਰੇ ਕਿਆਫਾ ਲਗਾ ਹੀ ਲੈਂਦਾ ਹੈ।ਇਸ ਤੋਂ ਇਲਾਵਾ ਮਨਜੀਤ ਕੌਰ ਦਾ ਫੈਕਸ ਨੂੰ ਸੈਕਸ ਕਹਿਣਾ ਤੇ ਨਿਹਾਲ ਸਿੰਘ ਦੀ ਮਾਂ ਦਾ ਇਹ ਕਹਿਣਾ ਕਿ ਮੇਰਾ ਨਿਹਾਲਾ ਹੁਣ ਨਿਹਾਲ ਹੋ ਗਿਆ ਅਤਿ ਨੀਵੇਂ ਦਰਜੇ ਦਾ ਹਾਸਰਸ ਹੈ।

ਇਸ ਤੋਂ ਇਲਾਵਾ ਸਾਰੀ ਫਿਲਮ ਵਿਚ ਸ਼ੀਲਪੀ ਸ਼ਰਮਾ ਨੂੰ ਪੱਛਮੀ ਲਿਬਾਸ ਪੁਆਇਆ ਗਿਆ ਹੈ, ਜਿਸ ਵਿਚੋਂ ਉਸਦਾ ਅਰਧ ਨਗਨ ਬਦਨ ਹਮੇਸ਼ਾਂ ਖਲਕਦਾ ਰਹਿੰਦਾ ਹੈ। ਫਿਲਮ 'ਤੇ ਕਰੋੜਾ ਰੁਪਏ ਲਾ ਕੇ ਜੇਕਰ ਨਿਰਮਾਤਾ ਨੇ ਕੱਪੜਿਆਂ ਵਿਚੋਂ ਥੋੜਾ ਸਰਫਾ ਕਰ ਲਿਆ ਤਾਂ ਕੋਈ ਪਹਾੜ ਨਹੀਂ ਡਿੱਗ ਪੈਂਦਾ! ਲੇਕਿਨ ਅੰਤ ਵਿਚ  ਸ਼ੀਲਪੀ ਨੂੰ ਪੰਜਾਮੀ ਸੂਟ ਪੁਆ ਕੇ ਤੇ ਉਸ ਦਾ ਸਿਰ ਚੁੰਨੀ ਨਾਲ ਢੱਕ ਕੇ ਪੇਸ਼ ਕੀਤਾ ਗਿਆ ਹੈ।ਜੋ ਕੋਈ ਬਹੁਤ ਹੀ ਵੱਖਰਾ ਅਤੇ ਵਧੀਆ ਪ੍ਰਭਾਵ ਛੱਡਦਾ ਹੈ।

ਇਹਨਾਂ ਚੰਦ ਗੱਲਾਂ ਤੋਂ ਇਲਾਵਾ ਸਾਰੀ ਫਿਲਮ ਸਿੱਖ ਧਰਮ ਦੀ ਉਪਮਾ ਕਰਦੀ ਹੈ। ਜੇਕਰ ਇਹ ਮਾਮੂਲੀ ਗੱਲਾਂ ਫਿਲਮ ਵਿਚ ਹਨ ਵੀ ਤਾਂ ਸਮਝਦਾਰ ਸਰੋਤਾ ਇਹਨਾਂ ਊਣਤਾਈਆਂ ਵੱਲ ਬਹੁਤੀ ਗੌਰ ਨਹੀਂ ਕਰਦਾ ਤੇ ਯਕੀਨਨ ਇਸ ਨਾਲ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਨਹੀਂ ਲੱਗਦੀ। ਸਿੱਖ ਇਕ ਬਹਾਦਰ, ਨਿੱਡਰ, ਸ਼ਹਾਦਤਾ ਦੇਣ, ਤਸੀਹੇ ਸਹਿਣ ਅਤੇ ਜ਼ੁਲਮ ਦਾ ਟਾਕਰਾ ਕਰਨ ਵਾਲੀ ਕੌਮ ਹੈ। ਬਦਕਿਸਮਤੀ ਨਾਲ ਜਿਸ ਨੂੰ ਸਮਝਦਾਰ ਲੀਡਰਾਂ ਦੀ ਥੁੜ ਰਹੀ ਹੈ। ਫਿਲਮ ਦਾ ਨਾਇਕ ਵੀ ਸਿੱਖੀ ਅਸੂਲਾ ਦੀ ਪਾਲਣਾ ਕਰਨ ਵਾਲਾ ਇੰਨਸਾਨ ਹੈ। ਜਿਨ੍ਹਾਂ ਨੂੰ ਇਤਰਾਜ਼ ਹੈ ਮੈਂ ਉਨ੍ਹਾਂ ਵੀਰਾਂ ਨੂੰ ਬੇਨਤੀ ਕਰਾਂਗਾ ਕਿ ਉਹ ਆਪਣੀਆਂ  ਭਾਵਨਾਵਾਂ ਨੂੰ ਐਨਾ ਜ਼ਿਆਦਾ ਕੋਮਲ ਨਾ ਬਣਾ ਕੇ ਰੱਖਣ  ਕਿ ਮਾੜੀ ਮਾੜੀ ਗੱਲ ਨਾਲ ਉਨ੍ਹਾਂ ਨੂੰ ਠੇਸ ਲੱਗਦੀ  ਰਹੇ, ਸਗੋਂ ਸਿੱਖਾਂ ਨੂੰ ਤਾਂ ਆਪਣੀਆਂ ਭਾਵਨਾਵਾਂ ਠੋਸ ਬਣਾਉਣ ਦੀ ਲੋੜ ਹੈ! ੯ ਸੰਤਬਰ ਨੂੰ ਅੱਤਵਾਦੀ ਕਾਰਵਾਈਆਂ ਨਾਲ ਅਮਰੀਕਾ ਦਾ ਵਿਸ਼ਵ ਵਪਾਰ ਕੇਂਦਰ ਢਾਇਆ ਗਿਆ। ਜਿਸ ਦੇ ਸਿੱਟੇ ਵਜੋਂ ਸਿੱਖਾਂ ਨੂੰ ਵੀ ਅੰਗਰੇਜ਼ ਲੋਕਾਂ ਵੱਲੋਂ ਓਸਮਾ ਬਿਨ ਲਾਦੇਨ ਦੇ ਪ੍ਰੋਕਾਰ ਸਮਝ ਕੇ ਨਫਰਤ ਦਾ ਨਿਸ਼ਾਨਾਂ ਬਣਾਇਆ ਗਿਆ। ਉਸ ਵਕਤ ਸਿੱਖ ਕੌਮ ਨੂੰ ਲੋੜ ਮਹਿਸੂਸ ਹੋਈ ਕਿ ਅਸੀਂ ਜੱਗ ਨੂੰ ਆਪਣੀ ਵੱਖਰੀ ਕੌਮ ਬਾਰੇ ਜਾਣੂ ਕਰਵਾਈਏ। ਇਥੋਂ ਹੀ ਫਿਲਮ 'ਜੋ ਬੋਲੇ ਸੋ ਨਿਹਾਲ' ਦਾ ਜਨਮ ਹੁੰਦਾ ਹੈ।੯/੧੧ ਦੀ ਘਟਨਾ ਅਤੇ ਉਸ ਤੋਂ ਪੇਸ਼ਤਰ ਘਟਨਾਵਾਂ ਨੂੰ ਹੀ ਇਸ ਫਿਲਮ ਦੀ ਕਹਾਣੀ ਕਲੇਵਰ ਵਿਚ ਲੈਂਦੀ ਹੈ। ਸਿੱਖਾਂ ਨੂੰ ਇਸ ਫਿਲਮ ਦਾ ਜ਼ੋਰਦਾਰ ਸਮਰਥਨ ਕਰਨਾ ਚਾਹੀਦਾ ਸੀ, ਨਾ ਕਿ ਵਿਰੋਧ! ਇਸ ਫਿਲਮ ਨਾ ਜੋ ਵਾਪਰਿਆ ਉਹ ਬਹੁਤ ਹੀ ਸ਼ਰਮਨਾਕ ਹੈ!!! ਕੀ ਅੱਗੇ ਤੋਂ ਕੋਈ ਨਿਰਮਾਤਾ ਸਿੱਖ ਮਸਲਿਆਂ ਨੂੰ ਹੱਥ ਪਾ ਸਕੇਗਾ?

ਮੇਰੇ ਮੁਜਬ ਫਿਲਮ ਬਾਰੇ ਵਿਵਾਦ ਉੱਠਣ ਦੇ ਹੇਠ ਲਿਖੇ ਕਾਰਨ ਹੋ ਸਕਦੇ ਹਨ:-

੧) ਫਿਲਮ ਬਾਰੇ ਵਿਵਾਦ ਫਿਲਮ ਦੇ ਜਾਰੀ ਹੋਣ ਤੋਂ ਪਹਿਲਾਂ ਹੀ ਆਰੰਭ ਹੋ ਗਏ ਸਨ ਅਤੇ ਫਿਲਮ ਦੇ ਜਾਰੀ ਹੋਣ ਤੱਕ ਭਾਰਤ ਭਰ ਵਿਚ ਜੰਗਲ ਦੀ ਅੱਗ ਵਾਂਗ ਫੇਲ ਗਏ

ਸਨ। ਫਿਲਮ ਦੇ ਜਾਰੀ ਹੋਣ ਉਪਰੰਤ ਵਿਵਾਦ ਉੱਠਦੇ ਤਾਂ ਗੱਲ ਹੋਰ ਸੀ। ਪਰ ਕਿਉਂਕਿ ਇਹਨਾਂ ਵਿਵਾਦਾਂ ਨੂੰ ਫਿਲਮ ਦੇ ਜਾਰੀ ਹੋਣ ਤੋਂ ਪਹਿਲਾਂ ਹੀ ਹਵਾ ਦੇ ਦਿੱਤੀ ਗਈ ਸੀ। ਇਸ ਦਾ ਇਕੋ ਇਕ ਕਾਰਨ ਇਹ ਹੋ ਸਕਦਾ ਹੈ ਕਿ ਫਿਲਮ ਦੇ ਨਿਰਮਾਤਾ ਨਿਰਦੇਸ਼ਕ ਨੇ ਖੁਦ ਹੀ ਫਿਲਮ ਨੂੰ ਹਿੱਟ ਕਰਨ ਦੇ ਮਕਸਦ ਨਾਲ ਇਹਨਾਂ ਵਿਵਾਦਾਂ ਦਾ ਬੀਜ ਬੀਜਿਆ।ਜ਼ਿਕਰਯੋਗ ਹੈ ਕਿ ਮੁਬੰਈ ਫਿਲਮ ਇੰਡਸਟਰੀ ਇਸ ਵੇਲੇ ਦੁਨੀਆਂ ਵਿਚ ਸਭ ਨਾਲੋਂ ਵੱਧ ਸਲਾਨਾ ਫਿਲਮਾਂ ਦਾ ਨਿਰਮਾਣ ਕਰਦੀ ਹੈ। ਇਥੇ ਬਣਨ ਵਾਲੀਆਂ ਸਲਾਨਾਂ ਫਿਲਮ ਦੀ ਗਿਣਤੀ ਹੌਲੀਵੁੱਡ ਨੂੰ ਵੀ ਮਾਤ ਕਰ ਚੁੱਕੀ ਹੈ। ਅੱਜ ਕੱਲ੍ਹ ਫਿਲਮਾਂ ਉੱਤੇ ਕਰੋੜਾਂ ਹੀ ਰੁਪਏ ਖਰਚ ਆਉਂਦੇ ਹਨ ਅਤੇ ਕੁਝ ਕੁ ਫਿਲਮਾਂ ਤੋਂ ਬਿਨਾਂ ਬਾਕੀ ਸਾਰੀਆਂ ਫਿਲਮਾਂ ਲੱਗਿਆ ਪੈਸਾ ਪੂਰਾ ਕਰਨ ਤੋਂ ਅਸਮਰਥ ਹੁੰਦੀਆਂ ਹਨ ਤੇ ਫਲਾਪ ਹੋ ਜਾਂਦੀਆਂ ਹਨ। ਇਸ ਲਈ ਨਿਰਮਾਤਾ ਆਪਣੇ ਪੈਸੇ ਖਰੇ ਕਰਨ ਲਈ ਅਨੇਕਾਂ ਢਕਵੰਜ ਅਤੇ ਹਰਬੇ ਵਰਤਦੇ ਹਨ। ਪਿਛੇ ਜਿਹੇ ਇਕ ਫਿਲਮ ਆਈ ਸੀ 'ਇਕ ਛੋਟੀ ਸੀ ਲਵ ਸਟੋਰੀ', ਇਸ ਫਿਲਮ ਦੇ ਨਿਰਮਾਤਾ ਨੇ ਅਦਾਕਾਰਾਂ ਮਨਿਸ਼ਾਂ ਕੋਰਾਲਾ ਨਾਲ ਮਿਲ ਕੇ ਮਨਿਸ਼ਾਂ ਤੋਂ ਆਪਣੇ ਉੱਪਰ ਇਹ ਦੋਸ਼ ਲਵਾ ਕੇ ਕੇਸ ਕਰਵਾ ਲਿਆ ਕਿ ਫਿਲਮ ਵਿਚ ਅਸਲੀਲ ਦ੍ਰਿਸ਼ ਦੇਣ ਲਈ ਮਨਿਸ਼ਾਂ ਦੀ ਜੋ ਡੁਪਲੀਕੇਟ ਦੇ ਦ੍ਰਿਸ਼ ਪਾਏ ਗਏ ਹਨ। ਉਹ ਮਨਿਸ਼ਾ ਦੀ ਰਜ਼ਾਮੰਦੀ ਤੋਂ ਬਿਨਾ ਪਾਏ ਗਏ ਹਨ। ਅਜਿਹਾ ਕਰਨ ਨਾਲ ਫਿਲਮ ਨੂੰ ਮੁਫਤ ਵਿਚ ਪਬਲਸਿਟੀ ਮਿਲ ਗਈ। ਜਦੋਂ ਫਿਲਮ ਹਿੱਟ ਹੋ ਗਈ ਤਾਂ ਮਨਿਸ਼ਾ ਨੇ ਕੇਸ ਵਾਪਿਸ ਲੈ ਲਿਆ। ਇਸੇ ਹੀ ਤਰ੍ਹਾਂ 'ਫਾਇਰ' ਫਿਲਮ ਦੀ ਨਿਰਮਾਤਰੀ ਦੀਪਾ ਮਹਿਤਾ ਨੇ ਖੁਦ ਹੀ ਫਿਲਮ ਦਾ ਵਿਰੋਧ ਕਰਵਾ ਕੇ ਇਕ ਆਰਟ ਫਿਲਮ ਤੋਂ ਕਮੱਰਸ਼ੀਅਲ ਫਿਲਮ ਜਿੰਨਾ ਪੈਸਾ ਕਮਾ ਲਿਆ। ਹੁਣੇ ਹੁਣੇ ਮਹੇਸ਼ ਭੱਟ ਦੀ ਫਿਲਮ 'ਨਜ਼ਰ' ਜਾਰੀ ਹੋਈ ਹੈ। ਮਹੇਸ਼ ਭੱਟ ਨੇ ਪਾਕਿਸਤਾਨੀ ਅਭਿਨੇਤਰੀ ਮੀਰਾ ਰਬਾਬ ਅਲੀ ਦੇ ਇਕ ਚੁੰਮਣ ਦ੍ਰਿਸ਼ ਨੂੰ ਪਬਲਸਿਟੀ ਸਟੱਟ ਵਜੋਂ ਵਰਤਿਆ ਹੈ। ਇਕ ਹੀਰੋ-ਹੀਰੋਇਨ ਦੇ ਮਾਮੂਲੀ ਚੁੰਮਣ ਨੂੰ ਅਹਿਮ ਬਣਾਉਣ ਲਈ ਮਹੇਸ਼ ਭੱਟ ਨੇ ਪਹਿਲਾਂ ਹੀ ਜਾਣਬੁੱਝ ਕੇ ਹੀਰੋ ਹਿੰਦੂ ਲੜਕਾ ਲਿਆ ਤੇ ਲੜਕੀ ਮੁਸਲਮਾਨ ਤਾਂ ਕਿ ਇਸ ਨੂੰ ਹਿੰਦੂ ਮੁਸਲਮਾਨ ਮਸਲਾ ਬਣਾ ਕੇ ਪ੍ਰਚਾਰਿਆ ਜਾ ਸਕੇ। ਐਨ ਇਹੀ ਸੋਚ 'ਜੋ ਬੋਲੇ ਸੋ ਨਿਹਾਲ' ਦੇ ਨਿਰਮਾਤਾ ਅਤੇ ਵਿਕਰੇਤਾ ਦੀ ਸੀ।

੨ ਫਿਲਮ ਬਾਰੇ ਵਿਵਾਦ ਉੱਠਣ ਦਾ ਇਕ ਕਾਰਨ ਮੈਂ ਇਹ ਵੀ ਸਮਝਦਾ ਹਾਂ ਕਿ ਇਸ ਵਿਚ ਜੱਟਾਂ ਦੇ ਪੂਰੇ ਨੰਬਰ ਬਣਾਏ ਗਏ ਹਨ ਜਿਸ ਨਾਲ ਦੁਸਰੀਆਂ ਜਾਤਾਂ ਦੇ ਵਿਅਕਤੀਆਂ ਨੂੰ ਖਿੱਝ ਆਉਣੀ ਲਾਜ਼ਮੀ ਹੈ।

੩ ਸਿੱਖ ਪੰਥ ਵਿਚ ਅੱਜਕੱਲ੍ਹ ਲੀਡਰ ਐਨੇ ਜ਼ਿਆਦਾ ਹੋ ਗਏ ਹਨ ਕਿ ਹਰ ਇਕ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਲਈ ਆਏ ਦਿਨ ਕੋਈ ਨਾ ਕੋਈ ਮਸਲਾ ਪੈਦਾ ਕਰਨਾ ਪੈਂਦਾ ਹੈ। ਲੀਡਰਾਂ ਦੀ ਗਿਣਤੀ ਬਾਰੇ ਸੋਚਦਿਆਂ ਮੈਨੂੰ ਆਲੂ ਚੇਤੇ ਆ ਜਾਂਦੇ ਹਨ। ਪੰਜਾਬ ਵਿਚ ਕੁਝ ਸਾਲ ਪਹਿਲਾਂ ਨਵੀਆਂ ਨਵੀਆਂ ਖੰਡ ਮਿੱਲਾਂ ਲੱਗੀਆਂ ਸਨ ਅਤੇ ਕੁਝ ਵਿਦੇਸ਼ੀ ਕੰਪਨੀਆਂ ਨੇ ਤੇਲ ਉਤਪਾਦਕ ਕਾਰਖਾਨੇ ਲਗਾਏ। ਉਨ੍ਹਾਂ ਨੇ ਕਿਸਾਨਾਂ ਨੂੰ ਸਫੈਦੇ, ਪਾਪੂਲਰ, ਸੂਰਜਮੁੱਖੀ ਅਤੇ ਪਦੀਨਾ ਲਾਉਣ ਲਈ ਪ੍ਰੇਰਿਆ। ਇਕ ਸਾਲ ਵਿਚ ਤਿੰਨ ਤੋਂ ਵੱਧ ਫਸਲਾਂ ਕੱਢਣ ਦਾ ਪੰਜਾਬ ਦੇ ਕਿਸਾਨਾਂ ਵਿਚ ਰੁਝਾਨ ਪੈਦਾ ਹੋ ਗਿਆ। ਲੋਕਾਂ ਨੇ ਆਲੂਆਂ ਦੀ ਫਸਲ ਦਾ ਜੂਆ ਖੇਡਣ ਤੋਂ ਗੁਰੇਜ ਕੀਤਾ। ਜਿਸ ਦਾ ਨਤੀਜਾ ਇਹ ਹੋਇਆ ਕਿ ਉਸ ਵਰ੍ਹੇ ਪੰਜਾਬ ਵਿਚ ਆਲੂ ਨਾਮਾਤਰ ਹੀ ਬੀਜੇ ਗਏ। ਅਗਲੇ ਸਾਲ ਆਲੂ ਪ੬ ਰੁਪਏ ਕਿਲੋ ਹੋ ਗਏ। ਉਸ ਤੋਂ ਅਗਲੇ ਸਾਲ ਸਾਰੇ ਜ਼ਿਮੀਦਾਰਾਂ ਨੇ ਆਲੂ ਬੀਜ ਲਿਤੇ ਤੇ ਪੰਜਾਬ ਵਿਚ ਆਲੂ ਹੀ ਆਲੂ ਹੋ ਗਏ। ਆਲੂ ਦੀ ਐਨੀ ਬੇਕਦਰੀ ਹੋਈ ਕਿ ਲੋਕੀ ਆਪਣੇ ਖੱਤੇ ਵਿਹਲੇ ਕਰਨ ਲਈ ਮਿੰਨਤਾ ਕਰਦੇ ਫਿਰਦੇ ਸੀ ਕਿ ਕੋਈ ਆਲੂ ਮੁਫਤ ਵਿਚ ਲੈ ਜਾਉ। ਪਰ ਕੋਈ ਮੁਫਤ ਵਿਚ ਆਲੂਆਂ ਨੂੰ ਨਹੀਂ ਸੀ ਸਿਆਣਦਾ। ਲੋਕਾਂ ਨੇ ਅਗਲੀ

ਫਸਲ ਲਈ ਜ਼ਮੀਨ ਤਿਆਰ ਕਰਨੀ ਕਰਕੇ ਤਵੀਆਂ ਨਾਲ ਵਾਹਣਾਂ ਵਿਚ ਹੀ ਆਲੂ ਵਾਹ ਦਿੱਤੇ। ਹੁਣ ਸਿੱਖ ਪੰਥ ਵਿਚ ਜਥੇਬੰਦੀਆਂ ਅਤੇ ਲੀਡਰ ਐਨੇ ਹੋ ਗਏ ਹਨ ਕਿ ਉਹਨਾਂ ਨੂੰ ਆਲੂਆਂ ਵਾਂਗੂ ਤਵੀਆਂ ਨਾਲ ਵਾਹੁਣ ਦੀ ਨੌਬਤ ਆ ਗਈ ਹੈ।ਫਿਲਮ 'ਜੋ ਬੋਲੇ ਸੋ ਨਿਹਾਲ' ਦੇ ਸੰਦਰਭ ਵਿਚ ਵੀ ਕੁਝ ਐਸਾ ਹੀ ਵਾਪਰਿਆ ਬਿਨਾ ਫਿਲਮ ਦੇਖਿਆ ਸੁਣਤੋ-ਸੁਣਤੀ ਲੀਡਰਾਂ ਨੇ ਮੋਰਚੇ ਲਾਉਣੇ ਸ਼ੁਰੂ ਕਰ ਦਿੱਤੇ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਫਿਲਮ ਦਾ ਵਿਰੋਧ ਕਰਨ ਲਈ ਕਈ ਤਾਂ ਰਾਤੋ-ਰਾਤ ਬਣੇ ਲੀਡਰ ਵੀ ਸਾਹਮਣੇ ਆਏ। ਲੇਕਿਨ ਪੁਰਾਣੇ ਹੰਢੇ ਹੋਏ ਲੀਡਰਾਂ ਨੇ ਇਹ ਕੀਤਾ ਕਿ ਇਮੋਸ਼ਨਲ ਭਾਸ਼ਨ ਝਾੜ ਕੇ ਆਮ ਜਨਤਾ ਨੂੰ ਉਕਸਾਇਆ। ਆਪਣੀ ਚਰਚਾ ਅਖਬਾਰਾਂ ਦੇ ਮੁੱਖ ਪੰਨਿਆਂ 'ਤੇ ਕਰਵਾਈ, ਲੇਕਿਨ ਰੋਸ ਮੁਜ਼ਾਰਿਆ ਵੇਲੇ ਆਪ ਇਹ ਆਖ ਕੇ ਪਿਛੇ ਰਹੇ ਕਿ ਜੰਗ ਵਿਚ ਸਿਪਾਹੀ ਮੂਹਰੇ ਹੋ ਕੇ ਲੜਦਾ ਹੈ ਜਰਨੈਲ ਨਹੀਂ। ਜਰਨੈਲ ਦੇ ਸਿਰ ਤਾਂ ਕੇਵਲ ਜਿੱਤ ਹਾਰ ਦਾ ਸਿਹਰਾ ਹੀ ਹੁੰਦਾ ਹੈ। ਅਖਬਾਰਾਂ ਦੀਆਂ ਸੁਰਖੀਆਂ ਵਿਚ ਰਹਿਣ ਦੇ ਆਦੀ ਲੀਡਰਾਂ ਦੀ ਚਰਚਾ ਹੋ ਗਈ ਤੇ ਆਮ ਜਨਤਾ ਦੇ ਕੁੱਟ ਪੈ ਗਈ। ਟਾਡਾ ਅਧੀਨ ਕੇਸ ਦਰਜ਼ ਹੋ ਗਏ। ਲੀਡਰਾਂ ਦੇ ਇਸ਼ਾਰਿਆਂ 'ਤੇ ਭੜਕਣ ਵਾਲੇ ਜਵਾਨਾਂ ਨੂੰ ਪਤਾ ਤਾਂ ਉਸ ਵੇਲੇ ਲੱਗੂ ਜਦੋਂ ਫੌਜਦਾਰੀ ਮੁਕੱਦਮੇ ਦੀਆਂ ਤਰੀਕਾਂ ਭੁਗਤਣੀਆਂ ਪਈਆਂ। ਭਾਰਤੀ ਦੰਡਾਵਲੀ ਵਿਚ ਟਾਡਾ ਸਭ ਤੋਂ ਗੰਦਾ ਕਾਨੂੰਨ ਹੈ। ਸੰਜੇ ਦੱਤ 'ਤੇ ਟਾਡਾ ਲੱਗੀ ਸੀ। ਭਾਵੇਂ ਕਿ ਉਸ ਕੋਲ ਸਿਆਸੀ ਲਿੰਕ, ਪੈਸਾ ਅਤੇ ਪਾਵਰ ਸੀ, ਲੇਕਿਨ ਫੇਰ ਵੀ ਉਹਦੀ ਇਸ ਕਾਨੂੰਨ ਨੇ ਐਸੀ ਦੀ ਤੈਸੀ ਫੇਰ ਕੇ ਰੱਖ ਦਿੱਤੀ ਸੀ। ਆਮ ਸ਼ਹਿਰੀ ਦਾ ਇਸ ਧਾਰਾ ਅਧੀਨ ਦਰਜ਼ ਹੋਏ ਕੇਸ ਨਾਲ ਕੀ ਹਸ਼ਰ ਹੋ ਸਕਦਾ ਹੈ, ਇਸ ਉਦਾਰਣ ਤੋਂ ਭਲੀਭਾਂਤ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

੪ ਇਸ ਫਿਲਮ ਵਿਚ ਸਿੱਖਾਂ ਦਾ ਕੱਦ ਬਹੁਤ ਉੱਚਾ ਚੁੱਕਿਆ ਗਿਆ ਹੈ। ਇਸ ਲਈ ਵਿਵਾਦ ਦਾ ਕਾਰਨ ਸਿੱਖ ਵਿਰੋਧੀ ਤਾਕਤਾਂ ਵੀ ਹੋ ਸਕਦੀਆਂ ਹਨ।ਜਿਨ੍ਹਾਂ ਵਿਚ ਆਰ ਐਸ ਐਸ ਦੇ ਨਾਮ ਦਾ ਜ਼ਿਕਰ ਵੀ ਚੱਲ ਰਿਹਾ ਹੈ।

੫ ਵਿਦੇਸ਼ੀ ਇਨਟੈਲੀਜੈਂਸੀ ਏਜੰਸੀਆਂ ਦਾ ਹੱਥ ਹੋਣਾ ਵੀ ਕੋਈ ਅਲੋਕਾਰੀ ਗੱਲ ਨਹੀਂ ਹੋਵੇਗੀ। ਜਿੰਨਾ ਵਿਚ ਪਾਕਿਸਤਾਨ ਦੀ ਏਜੰਸੀ ਆਈ ਐਸ ਆਈ ਤੇ ਐਫ ਵੀ ਆਈ ਦੇ ਨਾਮ ਸਭ ਤੋਂ ਉੱਤੇ ਆਉਂਦੇ ਹਨ। ਫਿਲਮ ਵਿਚ ਇਕ ਸੰਵਾਦ ਵੀ ਹੈ ਜਦੋਂ ਸੰਨੀ ਦਿਉਲ ਐਫ ਬੀ ਆਈ ਵਾਲਿਆਂ ਨੂੰ ਕਹਿੰਦਾ ਕਿ ਤੁਸੀਂ ਕਿਥੋਂ ਦੇ ਹੁਸ਼ਿਆਰ ਹੋ। ਦੁਨੀਆਂ ਵਿਚ ਅੱਤਵਾਦ ਫੈਲਾਉਣ ਲਈ ਬੰਦੇ ਟਰੇਂਡ ਕਰਦੇ ਹੋ। ਫਿਰ ਉਹ ਤੁਹਾਡੇ ਹੀ ਜਹਾਜ਼ ਅਗਵਾ ਕਰਕੇ ਤੁਹਾਡੀਆਂ ਹੀ ਬਿਲਡਿੰਗਾਂ ਢਾਉਂਦੇ ਹਨ।

੬ ਇਸ ਫਿਲਮ ਦੇ ਸੰਗੀਤਕ ਹੱਕ ਟੀ ਸਿਰੀਜ਼ ਕੋਲ ਹਨ ਤੇ ਉਨ੍ਹਾਂ ਦੇ ਅਨੇਕਾਂ ਦੁਸ਼ਮਣ ਹਨ। ਕਿਉਂਕਿ ਭਾਰਤ ਵਿਚ ਟੀ ਸਿਰੀਜ਼ ਇਕੋ ਇਕ ਐਸੀ ਕੰਪਨੀ ਹੈ ਜਿਸ ਨੇ ਛੋਟੀਆਂ ਕੰਪਨੀਆਂ ਤੋਂ ਲੈ ਕੇ ਐਚ ਐਮ ਵੀ ਵਰਗੀਆਂ ਅੰਤਰਾਸ਼ਟਰੀ ਕੰਪਨੀ ਹੂੰਝ ਕੇ ਰੱਖ ਦਿੱਤੀਆਂ ਹਨ। ਅੰਡਰਵਰਲਡ ਅਤੇ ਪ੍ਰਮੁੱਖ ਮਾਫੀਆਂ ਸਰਗਣਿਆਂ ਨਾਲ ਇਸ ਕੰਪਨੀ ਦਾ ਕੀ ਹਿਸਾਬ ਕਿਤਾਬ ਹੈ, ਉਸ ਦਾ ਅੰਦਾਜ਼ਾ ਗੁਲਸ਼ਨ ਕੁਮਾਰ ਹੱਤਿਆਂ ਕਾਂਡ ਤੋਂ ਲਗਾਇਆ ਜਾ ਸਕਦਾ ਹੈ।

੭ ਫਿਲਮ ਨਿਰਮਾਤਾ ਦੇ ਵਿਰੋਧੀਆਂ ਵੱਲੋਂ ਵੀ ਇਹਨਾਂ ਕਾਰਵਾਈਆਂ ਵਿਚ ਯੋਗਦਾਨ ਪਾਉਣ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਮੁਬੰਈ ਵਿਚ ਫਿਲਮ ਨਿਰਮਾਤਾਵਾਂ ਦਾ ਕੇਕੜਿਆਂ ਵਾਲਾ ਹਾਲ ਹੈ। ਕੇਕੜਿਆਂ ਵਾਲਾ ਜੁਮਲਾ ਇਸ ਪ੍ਰਕਾਰ ਹੈ ਕਿ ਕੋਈ ਆਦਮ ਸਮੁੰਦਰ ਦੇ ਕੰਡੇ ਖੜ੍ਹ ਸ਼ੀਸ਼ੀ ਲੈ ਕੇ ਕੇਕੜੇ ਫੜ੍ਹ ਰਿਹਾ ਸੀ, ਉਸ ਨੂੰ ਕੋਲੋਂ ਲੰਘਣ ਵਾਲਾ ਆਖਣ ਲੱਗਾ ਕਿ ਭਾਈ ਸਾਹਿਬ ਸ਼ੀਸ਼ੀ ਦਾ ਢੱਕਣ ਲਗਾ ਲਉ ਨਹੀਂ ਤਾਂ ਕੇਕੜੇ ਨਿਕਲ ਕੇ ਭੱਜ ਜਾਣਗੇ। ਅੱਗੋਂ ਉਹ ਆਦਮੀ ਕਹਿਣ ਲੱਗਾ ਕਿ ਨਹੀਂ ਇਹ ਭੱਜਦੇ ਨਹੀਂ

ਕਿਉਂਕਿ ਜਦੋਂ ਇਕ ਕੇਕੜਾ ਸ਼ੀਸੀ ਦੇ ਮੂੰਹ ਵੱਲ ਨੂੰ ਜਾਣ ਲਗਦਾ ਹੈ ਤਾਂ ਦੂਸਰਾ ਫੜ ਕੇ ਉਸਦੀਆਂ ਲੱਤਾਂ ਖਿੱਚ ਲੈਂਦਾ ਹੈ। ਇਹੀ ਕੇਕੜਿਆਂ ਵਾਲਾ ਹਾਲ ਮੁੰਬਈ ਦੇ ਫਿਲਮ ਨਿਰਮਾਤਾਵਾਂ ਦਾ ਵੀ ਹੈ। ਜਦੋਂ ਇਕ ਉੱਪਰ ਜਾਣ ਲੱਗਦਾ ਹੈ ਤਾਂ ਦੂਸਰਾ ਉਸਦੀਆਂ ਲੱਤਾਂ ਖਿੱਚ ਦੇ ਉਪਰਾਲੇ ਕਰਨੇ ਸ਼ੁਰੂ ਕਰ ਦਿੰਦਾ ਹੈ।

੮ ਫਿਲਮ ਬਾਰੇ ਵਿਵਾਦ ਉੱਠਣ ਦਾ ਇਕ ਕਾਰਨ ਮੈਂ ਇਹ ਵੀ ਸਮਝਦਾ ਹਾਂ ਕਿ ਇਸ ਵਿਚ ਜੱਟਾਂ ਦੇ ਪੂਰੇ ਨੰਬਰ ਬਣਾਏ ਗਏ ਹਨ ਜਿਸ ਨਾਲ ਦੂਸਰੀਆਂ ਜਾਤਾਂ ਦੇ ਵਿਅਕਤੀਆਂ ਨੂੰ ਖਿੱਝ ਆਉਣੀ ਲਾਜ਼ਮੀ ਹੈ।

ਕੀ ਵਿਰੋਧ ਕਰਨ ਨਾਲ ਫਿਲਮ ਬੰਦ ਹੋ ਗਈ। ਹੁਣ ਤਾਂ ਫਿਲਮ ਨੂੰ ਐਨੀ ਮਸ਼ਹੂਰੀ ਮਿਲ ਗਈ ਹੈ ਕਿ ਅੱਗੇ ਨਾਲੋਂ ਵੀ ਜ਼ਿਆਦਾ ਦੇਖੀ ਜਾ ਚੁੱਕੀ ਹੈ ਤੇ ਦੇਖੀ ਜਾਵੇਗੀ। ਲੋਕਾਂ ਨੇ ਨਕਲੀ ਸੀ ਡੀ ਖਰੀਦ ਲਈਆਂ ਜਾਂ ਇੰਟਰਨੈੱਟ ਤੋਂ ਡਾਉਨਲੋਡ ਕਰ ਲਿੱਤੀ। ਨਿਰਮਾਤਾ ਆਪਣਾ ਘਾਟਾ ਵਿਦੇਸ਼ਾਂ ਦੇ ਸਿਨੇਮਿਆਂ ਤੋਂ ਪੂਰਾ ਕਰ ਲਵੇਗਾ। ਲੇਕਿਨ ਜੋ ਸਿੱਖ ਜਥੇਬੰਦੀਆਂ ਨੇ ਸਿੱਖ ਦਾ ਅਕਸ ਖਰਾਬ ਕੀਤਾ ਹੈ, ਉਹ ਸ਼ਾਇਦ ਦਰੁਸਤ ਕਰਨ ਨੂੰ ਸਦੀਆਂ ਲੱਗ ਜਾਣ। ਅਜੇ ਵੀਮ ਡੁੱਲੇ ਬੇਰਾਂ ਦਾ ਕੁਝ ਨਹੀਂ ਵਿਗੜਿਆ ਆਉ ਇਸ ਫਿਲਮ ਨੂੰ ਭਰਵਾਂ ਹੁੰਗਾਰਾ ਦੇਈਏ। ਮੇਰੇ ਖਿਆਲ ਵਿਚ ਇਸ ਫਿਲਮ ਨੂੰ ਦੂਸਰੀਆਂ ਭਾਸ਼ਵਾਂ ਖਾਸ ਕਰ ਅੰਗਰੇਜ਼ੀ ਵਿਚ ਵੀ ਡੱਬ ਹੋਣਾ ਚਾਹੀਦਾ ਹੈ ਤਾਂ ਕਿ ਇਹ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚ ਸਕੇ!

-ਬਲਰਾਜ ਸਿੰਘ ਸਿੱਧੂ
ਬਓਲਰਓਜਸਸਦਿਹੂਓਹੋ.ਚੋ.ਕ